A1 Roofing & Siding Ltd.
•ROOFING •SIDING •SOFFIT •STUCCO •HARDIE •FASCIA •EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar

Look & Find your dream home with
MANJIT JASWAL REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty



403.861.2253

Vol: 12 No: 277 Website : www.punjabiakhbaar.ca Email: editor@punjabiakhbaar.ca Friday, 3 October 2025

# ਸਾਡੇ ਪੁਰਖਿਆਂ ਨੇ ਕਦੇ ਵੀ ਭੂਮੀ ਦਾ ਸਮਰਪਣ ਨਹੀਂ ਕੀਤਾ - ਨੋਏਲਾ ਵੈਲਜ਼






ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)ਪਿਛਲੇ ਦਿਨੀਂ ਯੂਨੀਵਰਸਿਟੀ ਆਫ ਕੈਲਗਰੀ ਵਿੱਚ ਸੱਤਵੀਂ ਸੰਧੀ (Treaty Seven) ਦੀ 148ਵੀਂ ਵਰ੍ਹੇਗੰਢ ਦੇ ਸੰਬੰਧ ਵਿੱਚ ਪੈਨਲ-ਵਿਚਾਰ ਚਰਚਾ ਦਾ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿੱਚ ਨੇਟਿਵ ਮੂਲ ਦੇ ਮਾਹਿਰਾਂ ਨੇ ਵਿਚਾਰ ਰੱਖੇ। ਇਸ ਦਾ ਸੰਚਾਲਨ ਇੰਡੀਜਨਸ ਐਂਗੇਜਮੈਂਟ ਦਫ਼ਤਰ ਦੇ ਜਿਰਾਲਡ ਰੈਟ ਨੇ ਕੀਤਾ। ਜਿਰਾਲਡ ਵੂੱਡਲੈਂਡ ਕਰੀ ਨੇਸ਼ਨ ਤੋ ਰਿਹਾਇਸ਼ੀ ਸਕੂਲ (Residential School System) ਦੇ ਪੀੜਤ ਮਾਪਿਆਂ ਦਾ ਪੁੱਤਰ ਹੈ। ਉਹ ਯੂਨੀਵਰਸਿਟੀ ਵਿੱਚ ਬਤੌਰ ਮਾਹਿਰ ਅਧਿਆਪਕਾਂ, ਵਿਦਿਆਰਥੀਆਂ ਅਤੇ ਸਟਾਫ ਦਰਮਿਆਨ ਨੇਟਿਵ ਕਾਰਜਾਂ ਹਿਤ ਸੁਲਾਹ-ਸਫਾਈ (Reconciliation) ਪ੍ਰਤੀ ਸਮਰਪਿਤ ਹੈ। ਮੁੱਖ ਪ੍ਰਵਕਤਾ ਨੋਏਲਾ ਵੈਲਜ਼ ਤੋਂ ਇਲਾਵਾ ਜੋਨਾਥਨ ਬਰੇਵਰ, ਓਨਿਕਸ ਸ਼ੈਲਟਨ ਨੇ ਸੰਧੀ ਦੇ ਕਈ ਪਹਿਲੂਆਂ ਬਾਰੇ ਜਾਣਕਾਰੀ ਦਿੱਤੀ। ਨੋਏਲਾ ਬੋਅ ਵੈਲੀ ਕਾਲਜ ਦੇ ਪੇਂਟਿਡ ਬੱਫਲੋ ਲੌਂਜ ਸੈਂਟਰ ਦੀ ਡਾਇਰੈਕਟਰ ਰਹੀ ਹੈ। ਉਹ ਨੇਟਿਵ-ਗਿਆਨ ਦੇ ਖੋਜ-ਪ੍ਰਾਜੈਕਟਾਂ ਵਿੱਚ ਸਹਾਇਤਾ ਕਰਦੀ ਰਹੀ ਹੈ। ਜੋਨਾਥਨ ਬਰੇਵਰ ਯੂਨੀਵਰਸਿਟੀ ਆਫ ਕੈਲਗਰੀ ਵਿੱਚ ਮੂਲਨਿਵਾਸੀਆਂ ਬਾਰੇ ਖੋਜ, ਅਧਿਆਪਨ ਅਤੇ ਰਿਸ਼ਤਿਆਂ ਦੀ ਮਜ਼ਬੂਤੀ ਬਾਰੇ ਮਹੱਤਵਪੂਰਨ ਕੰਮ ਕਰ ਰਿਹਾ ਹੈ। ਓਨਿਕਸ ਸ਼ੈਲਟਨ ਕਹਾਣੀਵੇਤਾ ਅਤੇ ਸਮਾਜ ਸੇਵੀ ਸਖ਼ਸ਼ ਹੈ ਜੋ ਯੂਨੀਵਰਸਿਟੀ ਦੇ ਮੂਲਨਿਵਾਸੀ ਸਭਿਆਚਾਰਕ ਪ੍ਰੋਗਰਾਮਾਂ ਲਈ ਸੰਯੋਜਕ ਦਾ ਕੰਮ ਕਰਦਾ ਹੈ।

ਨੋਏਲਾ ਨੇ 22 ਸਤੰਬਰ, 1877 ਨੂੰ ਬਲੈਕਫੁੱਟ ਕਰਾਸਿੰਗ ਦੇ ਸਥਾਨ ਤੇ ਹੋਈ ਸੰਧੀ -7 ਬਾਰੇ ਵਿਸਥਾਰ ਵਿੱਚ ਦੱਸਿਆ। ਉਸ ਨੇ ਕਿਹਾ ਕਿ ਗੱਲਬਾਤ (Negotiations) ਦੌਰਾਨ ਸਰਕਾਰੀ ਕਮਿਸ਼ਨਰਾਂ - ਜੇਮਜ਼ ਬਰਡ ਤੇ ਮੈਕਲਾਇਡ ਨੇ ਸਿਕਸਿਕਾ, ਕਇਨਾਇ, ਪੀਕਾਨੀ, ਸੂ-ਤੀਨਾ(ਸਾਰਸੀ-ਡੈਨੇ) ਅਤੇ ਸਟੋਨੀ ਨਕੋਡਾ ਦੇ ਆਗੂਆਂ (Chiefs) ਨੂੰ ਇਹ ਨਹੀਂ ਦੱਸਿਆ ਸੀ ਕਿ ਉਨ੍ਹਾਂ ਦੀ ਭੂਮੀ (Territory) ਦੇ ਸਾਰੇ ਹੱਕ ਕਬਜ਼ੇ ਸਮੇਤ (Cede / surrender / release / yield) ਸਰਕਾਰ ਨੂੰ ਦਿੱਤੇ ਜਾ ਰਹੇ ਹਨ। ਇਹ ਚੀਫ਼ ਆਪਣੀ ਭੂਮੀ ਕਿਸੇ ਵੀ ਕੀਮਤ ਤੇ ਸਮਰਪਣ ਜਾਂ ਸਪੁਰਦ ਕਰਨ ਲਈ ਤਿਆਰ ਨਹੀਂ ਸਨ। ਉਹ ਤਾਂ ਸਗੋਂ ਆਪਣੀ ਮਾਂ-ਭੂਮੀ ਦੀ ਰੱਖਿਆ ਕਰਨ, ਆਪਣੀ ਜੀਵਨ-ਜਾਚ ਨੂੰ ਸੁਰੱਖਿਅਤ ਕਰਨ, ਆਬਾਦਕਾਰਾਂ ਨਾਲ ਖੇਤੀ ਕਾਰਜਾਂ ਲਈ ਜ਼ਮੀਨ ਸਾਂਝੀ ਕਰ ਕੇ ਸ਼ਾਂਤੀ ਤੇ ਮਿੱਤਰਤਾ ਕਾਇਮ ਕਰਨ ਲਈ ਗੱਲਬਾਤ ਵਾਸਤੇ ਤਿਆਰ ਹੋਏ ਸਨ। ਜੇਮਜ਼ ਬਰਡ ਨੇ ਇਹੀ ਕਿਹਾ ਸੀ ਕਿ ਕਣਕ ਬੀਜਣ ਲਈ ਜ਼ਮੀਨ ਚਾਹੀਦੀ ਹੈ। ਚੀਫ਼ ਰੈੱਡ ਕਰੋਅ ਨੇ ਕਿਹਾ ਸੀ ਕਿ ਜ਼ਮੀਨ ਦੀ ਉਪਰਲੀ ਸਤਹਿ ਦੋ ਫੁੱਟ ਡੂੰਘਾਈ ਤੱਕ ਵਰਤ ਸਕਦੇ ਹੋ ਪਰ ਉਸ ਤੋਂ ਹੇਠਲੀ ਜ਼ਮੀਨ ਸਾਡੀ ਰਹੇਗੀ। ਇਹ ਮੰਨਿਆਂ ਗਿਆ ਕਿ ਲਈ ਗਈ ਖਾਲੀ ਜ਼ਮੀਨ ਉਪਰ ਮੂਲਨਿਵਾਸੀਆਂ ਨੂੰ ਸ਼ਿਕਾਰ ਕਰਨ ਦੇ ਹੱਕ ਉਵੇਂ ਰਹਿਣਗੇ। ਇਸ ਭੂਮੀ-ਗ੍ਰਹਿਣ ਦੇ ਬਦਲੇ ਫ਼ਸਟ ਨੇਸ਼ਨ ਦੇ ਲੋਕਾਂ ਨੂੰ ਸੱਤ ਇਲਾਕੇ (ਰਿਜ਼ਰਵ) ਦੇਣੇ, ਕੁੱਝ ਸਾਲਾਨਾ ਰਾਸ਼ੀ ਦੇਣੀ, ਅਸਲਾ, ਸੰਦ, ਔਜ਼ਾਰ, ਚੀਫ਼ਾਂ ਨੂੰ ਕੱਪੜੇ , ਬੀਜ, ਗਊਆਂ, ਬਲਦ ਆਦਿ ਦੇਣੇ ਮੰਨ ਲਏ ਗਏ। ਨੋਏਲਾ ਨੇ ਦੱਸਿਆ ਕਿ ਚੀਫ਼ਾਂ ਦੀਆਂ ਮੰਗਾਂ ਜੋ ਮੰਨੀਆ ਗਈਆਂ ਉਹ ਲਿਖਤੀ ਦੀ ਬਜਾਏ ਮੌਖਿਕ ਹੀ ਰਹੀਆਂ ਪਰ ਜ਼ਮੀਨ ਹੜੱਪਣ ਵਰਗੀਆਂ ਸ਼ਰਤਾਂ ਨੂੰ ਕਾਨੂੰਨੀ ਸ਼ਬਦਾਵਲੀ ਰਾਹੀਂ ਲਿਖਤੀ ਦਰਜਾ ਦਿੱਤਾ ਗਿਆ ਜਿਸ ਬਾਰੇ ਗੱਲਬਾਤ ਹੋਈ ਹੀ ਨਹੀਂ ਸੀ।ਮਗਰੋਂ ਸਰਕਾਰ ਵਾਅਦਿਆਂ ਨੂੰ ਅਣਗੌਲ਼ਿਆਂ ਕਰਦੀ ਰਹੀ ਹੈ। ਰਿਜ਼ਰਵ ਬਹੁਤ ਛੋਟੇ ਆਕਾਰ ਦੇ ਦਿੱਤੇ ਗਏ ਜਿਨ੍ਹਾਂ ਵਿੱਚੋਂ ਆਹਨੀਂ-ਬਹਾਨੀਂ ਟੁਕੜੇ ਆਬਾਦਕਾਰਾਂ ਨੂੰ ਦਿੱਤੇ ਜਾਂਦੇ ਰਹੇ। ਅਖੀਰ ਵਿੱਚ ਨੋਏਲਾ ਵੈਲਜ਼ ਨੇ ਕਿਹਾ ਕਿ ਕੈਨੇਡੀਅਨ ਸਰਕਾਰ ਨੂੰ ਸੰਧੀ ਦੀਆਂ ਧਾਰਾਵਾਂ ਅਨੁਸਾਰ ਮੂਲਨਿਵਾਸੀਆਂ ਦੇ ਬਣਦੇ ਹੱਕ ਦੇਣੇ ਚਾਹੀਦੇ ਹਨ ਜਦੋਂ ਕਿ ਮੂਲਨਿਵਾਸੀ ਪੂਰੀ ਇਮਾਨਦਾਰੀ ਨਾਲ਼ ਸਾਰੀਆਂ ਧਾਰਾਵਾਂ ਦੀ ਪਾਲਣਾ ਕਰਦੇ ਆਏ ਹਨ ਤਾਂ ਜੋ ਸਾਰੇ ਮਿਲ ਕੇ ਅਮਨ-ਸ਼ਾਂਤੀ ਨਾਲ਼ ਅੱਗੇ ਵਧੀਏ।

ਪੰਜਾਬੀ ਭਾਈਚਾਰੇ ਤੋਂ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ ਜਗਦੇਵ ਸਿੱਧੂ ਜੋ ਅਕਸਰ ਹੀ ਮੂਲ ਨਿਵਾਸੀ ਭਾਈਚਰਿਆਂ ਦੇ ਹਰ ਪਰੋਗਰਾਮ ਵਿੱਚ ਸਾਮਿਲ ਹੁੰਦੇ ਰਹਿੰਦੇ ਹਨ, ਨੇ ਨੋਏਲਾ ਦੇ ਵਿਚਾਰਾਂ ਦੀ ਤਾਈਦ ਕੀਤੀ ਅਤੇ ਪੁਸਤਕਾਂ ਦੇ ਹਵਾਲਿਆਂ ਨਾਲ਼ ਸੰਧੀ ਦੇ ਅਸਲੀ ਸੱਚ ਨੂੰ ਉਜਾਗਰ ਕੀਤਾ। ਉਸ ਮੁਤਾਬਕ ਦੁਭਾਸ਼ੀਏ ਸਰਕਾਰੀ ਸਨ, ਤਿੰਨੇ ਨੇਟਿਵ ਭਾਸ਼ਾਵਾਂ ਤੋਂ ਅਨਜਾਣ ਸਨ, ਇਨ੍ਹਾਂ ਵਿੱਚੋਂ ਜੇਮਜ਼ ਬਰਡ ਤਾਂ ਦ੍ਰਿਸ਼ਟੀਹੀਣ ਸੀ, ਲਿਖੇ ਹੋਏ ਦਸਤਾਵੇਜ਼ ਵਿੱਚ 80 ਤੋਂ ਵੱਧ ਗ਼ਲਤੀਆਂ ਸਨ, ਕਈ ਚੀਫ਼ਾਂ ਦੇ ਨਾਂ ਵੀ ਗ਼ਲਤ ਲਿਖੇ ਹੋਏ ਸਨ। ਉਸ ਨੇ ਇਹ ਵੀ ਦੱਸਿਆ ਕਿ ਚੀਫ਼ ਅਨਪੜ੍ਹ ਹੋਣ ਕਰ ਕੇ ਪੜ੍ਹ-ਲਿਖ ਨਹੀਂ ਸਕਦੇ ਸਨ। ਉਨ੍ਹਾਂ ਦੇ ਹੱਥ ਕਲਮ ਨੂੰ ਲਵਾ ਕੇ ਉਨ੍ਹਾਂ ਦੇ ਨਾਂ ਅੱਗੇ ਐਕਸ (X) ਦਾ ਨਿਸ਼ਾਨ ਲਾ ਦਿੱਤਾ ਗਿਆ। ਪੈਨਲਿਸਟ ਮਾਹਿਰਾਂ ਨੇ ਪ੍ਰੋਗਰਾਮ ਵਿੱਚ ਹਾਜ਼ਰ ਵਿਦਿਆਰਥੀਆ, ਫੈਕਲਟੀ ਮੈਂਬਰਾਂ ਅਤੇ ਸ਼ਹਿਰ ਤੋਂ ਆਏ ਸੂਝਵਾਨ ਵਿਅਕਤੀਆਂ ਦੇ ਸਵਾਲਾਂ ਦੇ ਜਵਾਬ ਦਿੱਤੇ। ਅਖੀਰ ਵਿੱਚ ਜਿਰਾਲਡ ਰੈਟ ਨੇ ਸਭ ਦਾ ਧੰਨਵਾਦ ਕੀਤਾ।

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ।
ਪੰਜਾਬੀ ਵਿੱਚ ਗੱਲਬਾਤ ਕਰਨ ਲਈ
ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਸੰਪਰਕ ਕਰੋ
Harman Buttar, BA, CIRP, LIT, Managing Partner harmanb@bnadebtsolutions.ca
Simmie Pandher Senior Administrator Simmiep@bnadebtsolutions.ca
• Licensed Insolvency Trustees • Proposal Administrators
BNA™ Debt Solutions
P: 403-232-6220
F: 403-232-6262
#150, 703-64th Ave. SE
Calgary, AB T2H 2C3
www.bnadebtsolutions.ca

PANGEA IMMIGRATION
ਕਨੇਡਾ ਪੱਕੇ ਹੋਣ ਦਾ ਰਾਹ, ਪੈਨਜੀਆ ਇਮੀਗ੍ਰੇਸ਼ਨ ਵਾਲਿਆਂ ਦੀ ਸਲਾਹ
Contact Us For All Your Immigration Needs
RCIC-IRB Regulated Canadian Immigration Consultant
• Student Visa • Work permit • Visitor Visa • LMIA • PR Application
• Refugee Cases and Appeals • PNP Family Sponsorship • Citizenship • Nanny Caregiver • USA Visa
Raman Dhaliwal (RCIC-IRB)
Commissioner for oaths in and for Alberta
Member of CAPIC
Cell: +1 403-672-1313
Office: +1 403-401-5911
Email: info@pangeaimmigration.ca
Website: www.pangeaimmigration.ca
Green Plaza Unit 232, 4818 Westwinds Dr NE Calgary AB T3J 3Z5

Narmaan Sidhu
Mortgage Expert
License # 510430
ਘਰ ਦੀ ਮਾਰਗੇਜ ਦਾ ਹੱਲ! ਨਰਮਾਣ ਸਿੱਧੂ ਕੋਲ ਚੱਲ
Alberta & Saskatchewan
403.818.0140
narmaan.sidhu@dominionlending.ca
www.NarmaanSidhu.com
THE MORTGAGE FIRM



ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ ਫਰੀ ਡਾਊਨ ਲੋਡ ਕਰੋ
App Store
Play Store

AERO SIGN & PRINT INC. RELIABLE AND AFFORDABLE
www.aerosign.ca
WHOLESALE CHANNEL LETTERS, LAWN SIGNS & PRINTING
403.764.7000
Email: sales@aerosign.ca 4852 50 Ave NE , Calgary, AB T3J 4L8

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016

SAHIL MITTU
Director
+1 548 400 0001
www.affinitycabinets.ca
info@affinitycabinets.ca
Unit - H, 2121 39 Avenue NE, Calgary AB - T2E 6R7



Affinity CABINETS
• Closets • Wet Bars • Book Shelving Cabinetry
ਘਰ ਦੀ ਦਿੱਖ ਵੁੱਡ ਵਰਕ ਵਿੱਚੋ ਹੀ ਬੋਲਦੀ ਹੈ
ਨਵੇਂ ਜਾਂ ਪੁਰਾਣੇ ਘਰਾਂ ਵਿੱਚ ਕਿਚਨ ਕੈਬਿਨਟ,ਵੈੱਟਬਾਰ,ਬੁੱਕ ਸ਼ੈਲਫ਼ ਆਦਿ ਦਾ ਸ਼ਾਨਦਾਰ ਅਤੇ ਵਾਜਿਬ ਕੀਮਤ ਉੱਪਰ ਕੰਮ ਕਰਵਾਉਣ ਲਈ ਸੰਪਰਕ ਕਰੋ



Sunder Building Supplies Ltd.
We believe in quality
• CRC Roofing Supplies • Drywall, Insulation • Sound Control Products • Stucco, T-Bar Ceiling • Manufactdured Stone • Steel Studs & • Accessories
Stucco Paper Flashing Wiring
Free Estimate BEST Rates
Nirvair Singh Johal 403-690-8700
Bhajan Singh Johal 403-561-0227
4612, 6 STREET NE CALGARY, AB

SHORY LAW LLP
• IMMIGRATION • BUSINESS • CRIMINAL • REAL ESTATE



Chetan Shory Sarvesh Jeet Devinder Shory Jatin Shory
www.shorylaw.com (403) 216-1199
220 - 4851 Westwinds Dr. N.E., Calgary
@shorylaw

# ਪੱਤਝੜ ਵਿੱਚ ਬੱਚਤਾਂ




**ਆਪਣੇ ਨਵੇਂ ਘਰ ਉੱਪਰ $20,000 ਤੱਕ ਦੀ ਬੱਚਤ ਕਰੋ !**





## ਆਪਣੇ ਸੁਪਨਿਆਂ ਦਾ ਘਰ, ਸਕੂਲ, ਨਿੱਤ ਦੇ ਵਿਓਹਾਰ, ਜਾਂ ਆਪਣੇ ਭਾਈਚਾਰੇ ਨੂੰ ਬਦਲੇ ਬਿਨਾਂ ਹੀ ਲੱਭੋ।

ਤੁਸੀਂ ਆਪਣੇ ਆਂਢ-ਗੁਆਂਢ ਨੂੰ ਪਿਆਰ ਕਰਦੇ ਹੋ। ਸਕੂਲ ਬਹੁਤ ਵਧੀਆ ਹਨ, ਤੁਹਾਡੇ ਗੁਆਂਢੀ ਦੋਸਤ ਹਨ,ਅਤੇ ਤੁਹਾਡੀ ਰੋਜ਼ਾਨਾ ਜਿੰਦਗੀ ਕੰਮ ਦੀ ਤਰਾਂ ਲੰਘ ਰਹੀ ਹੈ। ਪਰ ਤੁਹਾਡਾ ਮੌਜੂਦਾ ਘਰ? ਇਹ ਥੋੜ੍ਹਾ ਤੰਗ ਮਹਿਸੂਸ ਹੋਣ ਲੱਗਾ ਹੈ।

ਆਪਣੇ ਮੌਜੂਦਾ ਆਂਢ-ਗੁਆਂਢ ਤੋਂ ਬਾਹਰ ਜਾਣ ਤੋਂ ਬਿਨਾਂ ਹੀ ਹੁਣ ਤੁਸੀਂ ਵੱਡੇ ਘਰ ਵਿੱਚ ਜਾ ਸਕਦੇ ਹੋ



**Single Family Homes From The High $600's**
**ਹੁਣੇ ਮੂਵ ਹੋਣ ਲਈ ਘਰ ਤਿਆਰ ਹਨ**

3 ਜਾਂ 4 ਬੈੱਡਰੂਮ+ਬੋਨਸ ਰੂਮ+ਆਫਿਸ, 3 ਬਾਥਰੂਮ
2,068 ਤੋਂ 2,724 ਵਰਗ ਫੁੱਟ ਮੇਨ ਲਿਵਿੰਗ ਏਰੀਆ
ਕਾਨੂੰਨੀ ਆਮਦਨ ਸੂਟ ਵਿਕਲਪਾਂ ਦੇ ਨਾਲ
ਫਰੰਟ ਅਟੈਚਡ ਡਬਲ ਗੈਰਾਜ

- ਹਰੇ ਭਰੇ ਰਸਤੇ 'ਤੇ ਪਿੱਛੇ
- ਸਪਾ-ਪ੍ਰੇਰਿਤ ਐਨਸੂਇਟ ਦੇ ਨਾਲ ਪ੍ਰਾਇਮਰੀ ਬੈੱਡਰੂਮ ਵਿੱਚ ਵਾਲਟਡ ਛੱਤ
- ਸੈਕੰਡਰੀ ਬੈੱਡਰੂਮਾਂ ਲਈ ਵਿਕਲਪਿਕ ਪ੍ਰਾਈਵੇਟ ਐਨਸੂਇਟ
- ਗ੍ਰੈਂਡ ਫੋਅਰ, ਵਾਕ-ਇਨ ਪੈਂਟਰੀ, ਅਤੇ ਵੱਖਰਾ ਮਡਰੂਮ
- ਬਹੁ-ਪੀੜ੍ਹੀ ਰਹਿਣ-ਸਹਿਣ ਜਾਂ ਕਿਰਾਏ ਦੀ ਆਮਦਨ ਲਈ ਆਦਰਸ਼

**TOUR OUR SHOWHOME**

132 Copperhead Road SE.,Calgary T2Z 5H6
Tel: 587.674.3438
**COPPERSTONELIVING.COM**

Showhome now open:
Monday - Wednesday: 2 - 8 PM
Thursday & Friday: Closed
Saturday/Sunday: 12 - 5 PM

VESTA PROPERTIES

Built by Vesta – Over 7,000 homes delivered across Alberta and BC.

ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

The Punjabi Newspaper

ਪੰਜਾਬੀਅਤ ਦਾ ਪਹਿਰੇਦਾਰ

# ਪੰਜਾਬੀ ਅਖ਼ਬਾਰ

Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000




Vol: 12 No: 277 Website : www.punjabiakhbaar.ca Email: editor@punjabiakhbaar.ca Friday, 3 October 2025

# ਮੈਨੂੰ ਦੁਬਾਰਾ ਚੁਣੋ ਤਾਂ ਕਿ ਮੈਂ ਮੌਜੂਦਾ ਚਾਲੂ ਵਿਕਾਸ ਨੂੰ ਅੱਗੇ ਜਾਰੀ ਰੱਖ ਸਕਾਂ -ਰਾਜ ਧਾਲੀਵਾਲ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਸਿਟੀ ਕੌਂਸਿਲ ਦੀਆਂ 20 ਅਕਤੂਬਰ ਨੂੰ ਹੋਣ ਜਾ ਰਹੀਆਂ ਚੋਣਾਂ ਦਾ ਮੈਦਾਨ ਕੈਲਗਰੀ ਦੇ ਨਾਰਥ ਈਸਟ ਇਲਾਕੇ ਵਿੱਚ ਪੂਰਾ ਭਖਿਆ ਹੋਇਆ ਹੈ। ਸਾਰੇ ਉਮੀਦਵਾਰ ਆਪੋ ਆਪਣੇ ਹਮਾਇਤੀਆਂ ਨਾਲ ਵੱਡੇ ਵੱਡੇ ਇਕੱਠਾਂ ਵਿਚ ਨਜ਼ਰ ਆਕੇ ਆਪੋ ਆਪਣਾ ਸਕਤੀ ਪ੍ਰਦੂਸਨ ਕਰ ਰਹੇ ਹਨ। ਵਾਰਡ 5 ਤੋਂ ਮੌਜੂਦਾ ਕੌਂਸਲਰ ਰਾਜ ਧਾਲੀਵਾਲ ਦੁਬਾਰਾ ਫਿਰ ਚੋਣ ਮੈਦਾਨ ਵਿੱਚ ਹਨ ਉਹ ਅਗਲੇ ਚਾਰ ਸਾਲਾਂ ਲਈ ਸੇਵਾ ਦਾ ਮੌਕਾ ਦੇਣ ਦੀ ਗੱਲ ਕਰਦਿਆਂ ਮੌਜੂਦਾ ਸਮੇਂ ਚਾਲੂ ਪ੍ਰੋਜੈਕਟਾਂ ਦਾ ਜ਼ਿਕਰ ਕਰਦੇ ਹਨ ਕਿ ਜੇ ਉਹ ਲਾਂਭੇ ਹੋ ਜਾਂਦੇ ਹਨ ਤਾਂ ਮੌਜੂਦਾ ਪ੍ਰੋਜੈਕਟ ਵੀ ਠੰਡੇ ਬਸਤੇ ਵਿੱਚ ਪੈ ਸਕਦੇ ਹਨ। ਇਸ ਲਈ ਉਹਨਾਂ ਨੂੰ ਉਹਨਾਂ ਪ੍ਰੋਜੈਕਟਾਂ ਨੂੰ ਸਿਰੇ ਚਾੜਨ ਲਈ ਆਉਣ ਵਾਲੀ 20 ਅਕਤੂਬਰ ਨੂੰ ਵੋਟ ਪਾਈ ਜਾਵੇ। ਇਹ ਰਾਜ ਧਾਲੀਵਾਲ ਨੇ ਉਦੋਂ ਆਖੀਆਂ ਜਦੋਂ ਬੀਤੇ ਦਿਨੀ ਪੀ ਐਂਡ ਜੀ ਐਕਸਾਵੇਟਿੰਗ ਐਂਡ ਟਰੱਕਿੰਗ ਵਾਲੇ ਗੁਰਮੀਤ ਗਿੱਲ ਮੰਡਵਾਲਾ ਦੇ ਯਾਰਡ ਵਿਖੇ ਇੱਕ ਸ਼ਕਤੀ ਪ੍ਰਦਰਸਨ ਅਤੇ ਹਮਾਇਤ ਦਾ ਦਿਖਾਵਾ ਕਰਦੀ ਰੈਲੀ ਦਾ ਆਯੋਜਿਨ ਕੀਤਾ ਗਿਆ। ਇਸ ਮੌਕੇ ਮੰਚ ਉਪਰੋਂ ਬੋਲਣ ਵਾਲੇ ਕੈਲਗਰੀ ਦੇ ਨਾਮਵਰ ਬਿਜਨਿਸਮੈਨ ਅਤੇ ਸਮਾਜਸੇਵਾ ਵਾਲੇ ਚਿਹਰੇ ਰਾਜ ਧਾਲੀਵਾਲ ਦੀ ਹਮਾਇਤ ਵਿੱਚ ਦਿਖਾਈ ਦਿੱਤੇ।

# ਸਾਕਾ ਵਾਲਿਆਂ ਨੇ ਮੀਟਿੰਗ ਕਰਕੇ ਵਿਛੜੇ ਸੱਜਣਾਂ ਨੂੰ ਸ਼ਰਧਾਂਜਲੀ ਭੇਟ ਕੀਤੀ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਸਾਊਥ ਏਸੀਅਨ ਕਮਿਓਨਿਟੀ ਐਸੋਸੀਏਸ਼ਨ ਵੱਲੋਂ ਆਪਣੀ ਮਾਸਿਕ ਮਿਲਣੀ ਮੌਕੇ ਜਸਵਿੰਦਰ ਭੱਲਾ, ਨੌਜਵਾਨ ਪੁੱਤ ਅਰਜਨ ਗਿੱਲ,ਅਤੇ ਡਾ: ਮਹਿੰਦਰ ਸਿੰਘ ਹੱਲਣ ਨੂੰ ਦੋ ਮਿੰਟ ਦਾ ਮੋਨ ਧਾਰਕੇ ਸਰਧਾਂਜਲੀ ਭੇਟ ਕੀਤੀ ਗਈ। ਸੰਸਥਾ ਦੇ ਹਾਜਿਰ 60 ਦੇ ਕਰੀਬ ਮੈਂਬਰਾਂ ਵਿੱਚੋਂ ਜਿਹਨਾਂ ਦੇ ਜਨਮ ਦਿਨ ਇਸ ਮਹੀਨੇ ਸਨ ਉਹਨਾਂ ਨੂੰ ਕੇਕ ਕੱਟਕੇ ਮੁਬਾਰਕਾਂ ਦਿੱਤੀਆਂ ਗਈਆਂ। ਸੁਰਿੰਦਰ ਕੌਰ ਸੰਧੂ,ਜਸਵਿੰਦਰ ਬਰਾੜ,ਮਹਿੰਦਰ ਮੁੰਡੀ, ਬਲਵੀਰ ਕੌਰ ਹਜ਼ੂਰੀਆ, ਸੁਰਿੰਦਰ ਕੌਰ ਬੈਨੀਪਾਲ,ਜਰਨੈਲ ਤੱਗੜ, ਸੁਰਿੰਦਰ ਕੌਰ ਕੈਂਥ ਨੇ ਮੰਚ ਉਪਰੋਂ ਆਪੋ ਆਪਣੇ ਵਿਚਾਰ ਰੱਖਦਿਆਂ ਸਮੇਂ ਦੀ ਨਜਾਕਤ ਅਨੁਸਾਰ ਰਚਨਾਵਾਂ ਪੜ੍ਹੀਆਂ। ਖਾਣਾ ਵਰਤਾਉਣ ਦੀ ਜਿੰਮੇਬਾਰੀ ਪਾਲ ਸਿੰਘ ਚਾਹਲ,ਮਹਿੰਦਰ ਸਿੰਘ ਸੰਧੂ,ਕੁਲਦੀਪ ਸਿੰਘ ਗਿੱਲ,ਦਿਲਬੀਰ ਕੌਰ ਕੰਗ ,ਨੇ ਨਿਭਾਈ। ਵਾਈਸ ਪ੍ਰਧਾਨ ਰਵਿੰਦਰਪਾਲ ਸਿੰਘ ਚਾਹਲ ਨੇ ਸਾਰਿਆਂ ਦਾ ਅੱਜ ਦੀ ਮਿਲਣੀ ਵਿੱਚ ਹਾਜਿਰੀ ਲਈ ਧੰਨਵਾਦ ਕੀਤਾ। ਸਟੇਜ ਸੰਚਾਲਨ ਦੀ ਜਿੰਮੇਬਾਰੀ ਗੁਰਮੇਲ ਸਿੰਘ ਸੰਧੂ ਨੇ ਬਾਖ਼ੂਬੀ ਨਿਭਾਈ।




## ਕੈਲਗਰੀ ਦੀ ਮੇਅਰ ਨੂੰ ਪਰਾਂਦੇ ਵਾਲੀ ਪਰਚੀ ਨਿੱਕਲੀ

# ਕੈਲਗਰੀ ਵੋਮੈਨ ਕਲਚਰਲ ਐਸੋਸੀਏਸ਼ਨ ਦੀ ਮਾਸਿਕ ਮਿਲਣੀ ਮੌਕੇ ਕੌਂਸਲਰ ਰਾਜ ਧਾਲੀਵਾਲ ਨੇ ਮਾਘ ਤੇ ਸਾਗ ਯਾਦ ਕੀਤਾ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) 21 ਸਤੰਬਰ ਦਿਨ ਐਤਵਾਰ ਨੂੰ ਕੈਲਗਰੀ ਵੋਮੈਨ ਕਲਚਰਲ ਐਸੋਸੀਏਸ਼ਨ ਦੀ ਮਿਲਣੀ ਸਭਾ ਦੀ ਪ੍ਰਧਾਨ ਸ੍ਰੀਮਤੀ ਬਲਵਿੰਦਰ ਕੌਰ ਬਰਾੜ ਅਤੇ ਕੋਆਰਡੀਨੇਟਰ ਸ੍ਰੀਮਤੀ ਗੁਰਚਰਨ ਕੌਰ ਥਿੰਦ ਦੀ ਅਗਵਾਈ ਵਿੱਚ ਡਾਊਨਟਾਊਨ ਸਿਟੀ ਹਾਲ ਵਿੱਚ ਹੋਈ। ਇਹ ਪਹਿਲੀ ਵਾਰੀ ਸੀ ਕਿ ਕਿਸੇ ਸਭਾ ਨੂੰ ਮੇਅਰ ਸਾਹਿਬ ਦੇ ਦਫ਼ਤਰ ਵਿਚ ਮੀਟਿੰਗ ਕਰਨ ਦੀ ਇਜਾਜ਼ਤ ਮਿਲੀ ਹੋਵੇ। ਸ਼ੁਰੂ ਵਿੱਚ ਸੁਖਵੰਤ ਕੌਰ ਪਰਮਾਰ ਨੇ ਐਨਰਜੀ ਸੇਵਿੰਗ 'ਤੇ ਲੈਕਚਰ ਦਿੰਦਿਆਂ ਕਿਹਾ ਕਿ ਸਭ ਤੋਂ ਪਹਿਲਾਂ ਅਸੀਂ ਮੂਲ ਵਾਸੀਆਂ ਦਾ ਧੰਨਵਾਦ ਕਰੀਏ ਜਿਨ੍ਹਾਂ ਦੀ ਧਰਤੀ ਤੇ ਅਸੀਂ ਆ ਕੇ ਵਸੇ ਹਾਂ। ਉਸ ਤੋਂ ਬਾਅਦ ਉਨ੍ਹਾਂ ਨੇ ਬਿਜਲੀ ਅਤੇ ਪਾਣੀ ਦੀ ਬੱਚਤ ਬਾਰੇ ਸਲਾਈਡ ਸ਼ੋਅ ਰਾਹੀਂ ਭੈਣਾਂ ਨੂੰ ਉਹ ਛੋਟੀਆਂ ਛੋਟੀਆਂ ਜੁਗਤਾਂ ਦੱਸੀਆਂ, ਜਿਨ੍ਹਾਂ ਰਾਹੀਂ ਵੱਧ ਤੋਂ ਵੱਧ ਬੱਚਤ ਕੀਤੀ ਜਾ ਸਕਦੀ ਹੈ। ਸਭ ਨੂੰ ਐਨਰਜੀ ਸੇਵਿੰਗ ਗਿਫ਼ਟ ਵੀ ਵੰਡੇ ਗਏ। ਪੰਜਾਬੀ ਕੈਲੀਗਰਾਫੀ ਦੀ ਮਾਹਿਰ, ਨੌਜਵਾਨ ਮੈਂਬਰ ਮਨਿੰਦਰ ਕੌਰ ਨੇ 'ਯਾਦਾਂ ਦਾ ਪਿਟਾਰਾ' ਨਾਲ ਗੇਮ ਸ਼ੁਰੂ ਕੀਤੀ। ਜਿਸ ਵਿੱਚ ਪੰਜਾਬੀ ਵਿਰਸੇ ਨਾਲ ਜੁੜੀਆਂ ਤਸਵੀਰਾਂ ਦੀਆਂ ਪਰਚੀਆਂ ਸਨ। ਉਸ ਵਿਚੋਂ ਪਰਚੀ ਕੱਢ ਕੇ ਉਸ ਉੱਤੇ ਬਣੇ ਚਿੱਤਰ ਅਨੁਸਾਰ, ਆਪਣੀਆਂ ਯਾਦਾਂ ਜਾਂ ਗੀਤ/ ਬੋਲੀਆਂ ਸਾਂਝੀਆਂ ਕਰਨੀਆਂ ਸਨ। ਸ਼ਹਿਰ ਦੀ ਮੇਅਰ ਸ੍ਰੀਮਤੀ ਜਿ-ਤੀ ਗੌਂਡੇਕ ਦਾ ਸਭਾ ਵੱਲੋਂ ਫੁੱਲਾਂ ਦੇ ਗੁਲਦਸਤੇ ਨਾਲ ਸੁਆਗਤ ਕੀਤਾ ਗਿਆ। ਉਨ੍ਹਾਂ ਨੂੰ ਵੀ ਗੇਮ ਵਿੱਚ ਸ਼ਾਮਿਲ ਕੀਤਾ ਗਿਆ। ਉਨ੍ਹਾਂ ਨੂੰ ਪਰਾਂਦੇ ਦੀ ਪਰਚੀ ਨਿਕਲੀ। ਉਨ੍ਹਾਂ ਨੇ ਇਸ ਨਾਲ ਜੁੜੀ ਯਾਦ ਸਾਂਝੀ ਕਰਦਿਆਂ ਕਿਹਾ- ਕਿ ਮੇਰੇ ਵਾਲ ਬਹੁਤ ਲੰਮੇ ਹੁੰਦੇ ਸਨ, ਤੇ ਮੈਂ ਪਰਾਂਦਾ ਪਾਕੇ ਇੱਕ ਫੰਕਸ਼ਨ ਵਿੱਚ ਕਸ਼ਮੀਰਨ ਕੁੜੀ ਬਣੀ ਸੀ। ਉਸੇ ਸਮੇਂ ਵਾਰਡ ਨੰਬਰ 5 ਦੇ ਕੌਂਸਲਰ ਰਾਜ ਧਾਲੀਵਾਲ ਵੀ ਆ ਹਾਜ਼ਿਰ ਹੋਏ। ਉਨ੍ਹਾਂ ਨੂੰ ਸਾਗ ਅਤੇ ਮੱਕੀ ਦੀ ਰੋਟੀ ਦੀ ਪਰਚੀ ਨਿਕਲੀ। ਉਨ੍ਹਾਂ ਕਿਹਾ- ਆਇਆ ਮਹੀਨਾ ਮਾਘ। ਖਾਵਾਂਗੇ ਮੱਕੀ ਦੀ ਰੋਟੀ ਨਾਲ ਸਾਗ। ਬਾਕੀ ਭੈਣਾਂ ਨੇ ਵੀ ਪਰਚੀਆਂ ਤੇ ਗੀਤ, ਬੋਲੀਆਂ ਅਤੇ ਗਿੱਧਾ ਪਾ ਕੇ ਖ਼ੂਬ ਰੰਗ ਬੰਨ੍ਹ ਦਿੱਤਾ।ਮੇਅਰ ਸਾਹਿਬਾਂ ਨੇ ਆਪਣੇ ਦਫਤਰ ਵਿਚਲੀ ਲਾਇਬ੍ਰੇਰੀ ਦਿਖਾਈ। ਸਾਰੀਆਂ ਭੈਣਾਂ ਨੇ ਮੇਅਰ ਜਿ-ਤੀ ਗੌਂਡੇਕ ਅਤੇ ਕੌਂਸਲਰ ਰਾਜ ਧਾਲੀਵਾਲ ਜੀ ਨਾਲ ਫੋਟੋਆਂ ਕਰਵਾ ਕੇ ਯਾਦਾਂ ਆਪੋ ਆਪਣੇ ਫੋਨਾਂ ਵਿੱਚ ਕੈਦ ਕੀਤੀਆਂ। ਅਖੀਰ ਵਿੱਚ ਸਭਾ ਦੇ ਪ੍ਰਧਾਨ ਬਲਵਿੰਦਰ ਕੌਰ ਬਰਾੜ ਜੀ ਨੇ ਸਾਰਿਆਂ ਦਾ ਧੰਨਵਾਦ ਕੀਤਾ।















ਤੁਹਾਡੀ ਆਵਾਜ਼ ਕੌਂਸਲ 'ਚ -
- 17 ਐਵੇਨਿਊ / ਚੈਸਟਰਮੀਅਰ ਬੁਲਵਾਰਡ ਦੇ ਟਵਿੰਨਿੰਗ ਦਾ ਕੰਮ – ਡਿਜ਼ਾਈਨ ਇਸ ਸਾਲ ਸ਼ੁਰੂ, ਨਿਰਮਾਣ 2026 ਵਿੱਚ ਸ਼ੁਰੂ ਹੋਵੇਗਾ।
- ਨਵੇਂ K-9 ਸਕੂਲਾਂ ਲਈ ਫੰਡ ਪ੍ਰਾਪਤ ਕੀਤੇ, ਨਵੇਂ ਹਾਈ ਸਕੂਲ ਲਈ ਫੰਡਾਂ ਨੂੰ ਮਨਜ਼ੂਰੀ ਦਿੱਤੀ ਗਈ।
- ਡਾਸਨ ਲੈਂਡਿੰਗ ਵਿੱਚ ਨਿਊ ਚੈਸਟਰਮੇਅਰ ਰਿਕਰੀਏਸ਼ਨ ਸੈਂਟਰ ਲਈ ਜ਼ਮੀਨ ਪ੍ਰਾਪਤ ਕੀਤੀ।
- ਪਾਰਕਾਂ ਵਿੱਚ ਬੈਂਚ ਲਗਾਏ ਗਏ ਹਨ। ਅਗਲੇ ਸਾਲ ਹੋਰ ਬੈਂਚ ਅਤੇ ਗਜ਼ੀਬੋ ਲਗਾਏ ਜਾਣਗੇ।
- ਰੇਨਬੋ ਰੋਡ ਨੌਰਥ ਦੀ ਮੁਰੰਮਤ ਅਤੇ ਮੁੜ ਖੋਲ੍ਹਣ ਦਾ ਕੰਮ ਇਸ ਸਾਲ ਦੇ ਅੰਤ ਤੱਕ ਪੂਰਾ ਹੋ ਜਾਵੇਗਾ।
- ਚੈਸਟਰਮੇਅਰ ਵਿੱਚ ਆ ਰਿਹਾ ਬੀਕਨ ਡੇਟਾ ਸੈਂਟਰ 300 ਸਥਾਈ ਨੌਕਰੀਆਂ ਅਤੇ 1200 ਉਸਾਰੀ ਨੌਕਰੀਆਂ ਲਿਆ ਰਿਹਾ ਹੈ।

RE-ELECT
KIRAN RANDHAWA
FOR CITY COUNCIL
20TH OCTOBER 8:00AM-8:00PM
Advance Polling:
Oct 11 12:00 PM-8:00 PM
Oct 17 5:00 PM-8:00 PM
Oct 18 12:00 PM-8:00 PM
www.kiranrandhawa.ca



Authorized by the registered agent for the Kiran Randhawa Campaign office


# ਚੈਸਟਰਮੀਅਰ ਦੀ ਪਹਿਲਾਂ ਤੋਂ ਹੀ ਕੌਂਸਲਰ ਕਿਰਨ ਰੰਧਾਵਾ ਨੂੰ ਡੋਰ ਨਾਕਿੰਗ ਵੇਲੇ ਹੌਂਸਲਾ ਮਿਲ ਰਿਹਾ ਹੈ




ਚੈਸਟਰਮੀਅਰ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਸੂਬੇ ਅੰਦਰ 20 ਅਕਤੂਬਰ ਨੂੰ ਹੋਣ ਜਾ ਰਹੀਆਂ ਸਿਟੀ ਇਲੈਕਸ਼ਨ ਲਈ ਚੈਸਟਰਮੀਅਰ ਤੋਂ ਪਹਿਲਾਂ ਹੀ ਕੌਂਸਲਰ ਦੇ ਅਹੁਦੇ ਉੱਪਰ ਮੌਜੂਦ ਕਿਰਨ ਰੰਧਾਵਾ ਵੋਟਰਾਂ ਨੂੰ ਉਸ ਨੂੰ ਦੁਬਾਰਾ ਫਿਰ ਚੁਣਨ ਦੀ ਅਪੀਲ ਕਰ ਰਹੀ ਹੈ। ਉਸਦੀ ਕੋਸ਼ਸ਼ ਹੈ ਕਿ ਉਹ ਹਰ ਘਰ - ਹਰ ਦਰ ਜਾਵੇ ਅਤੇ ਉਹਨਾਂ ਦੀਆਂ ਮੁਸਕਿਲਾਂ ਸੁਣੇ ਤਾਂ ਕਿ ਆਉਣ ਵਾਲੇ ਚਾਰ ਸਾਲਾਂ ਦੌਰਾਨ ਉਹਨਾਂ ਨੂੰ ਹੱਲ ਕੀਤਾ ਜਾ ਸਕੇ। ਕਿਰਨ ਰੰਧਾਵਾ ਦਾ ਕਹਿਣਾ ਹੈ ਕਿ ਦਰ ਦਰ ਜਾਣ ਕਾਰਣ ਉਸਦਾ ਲੋਕਾਂ ਨਾਲ ਸਿੱਧਾ ਸੰਪਰਕ ਹੋਣ ਮੌਕੇ ਉਸ ਨੂੰ ਹੋਰ ਹੌਂਸਲਾ ਮਿਲਦਾ ਹੈ ਕਿ ਵੋਟਰਾਂ ਨੂੰ ਉਸ ਨੂੰ ਹੀ ਦੁਬਾਰਾ ਚੁਣਨ ਦਾ ਫੈਸਲਾ ਕੀਤਾ ਹੋਇਆ ਹੈ ਕਿਉਂਕਿ ਵੋਟਰ ਜਾਣਦੇ ਹਨ ਕਿ ਪਿਛਲੇ ਥੋੜੇ ਜਿਹੇ ਸਮੇਂ ਵਿੱਚ ਹੀ ਉਸ ਨੇ ਆਪਣੇ ਭਾਈਚਾਰੇ ਲਈ ਕੀ ਕੀ ਉਪਰਾਲੇ ਕੀਤੇ ਹਨ। ਜੇ ਉਹ ਕਿਰਨ ਰੰਧਾਵਾ ਨੂੰ ਹੀ ਦੁਬਾਰਾ ਚੁਣਨਗੇ ਤਾਂ ਮੌਜੂਦਾ ਸਮੇਂ ਚੱਲ ਰਹੇ ਅਤੇ ਭਵਿੱਖ ਲਈ ਉਲੀਕੇ ਗਏ ਪ੍ਰੋਜੈਕਟ ਸਿਰੇ ਚੜ੍ਹ ਸਕਣਗੇ। ਉਹਨਾਂ ਡਾਵਸਨ ਲੈਂਡਿੰਗ ਵਿੱਚ ਬਣਨ ਜਾ ਰਹੇ ਰਿੱਕ ਸੈਂਟਰ ਦਾ ਵਿਸ਼ੇਸ਼ ਜ਼ਿਕਰ ਕੀਤਾ। ਉਹ ਵੋਟਰਾਂ ਨੂੰ ਐਡਵਾਂਸ ਪੋਲਿੰਗ ਦੇ ਦਿਨਾਂ ਵਿੱਚ ਹੀ ਆਪਣੀ ਵੋਟ ਪਾਉਣ ਲਈ ਪ੍ਰੇਰਿਤ ਕਰ ਰਹੇ ਹਨ।


ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ ਫਰੀ ਡਾਊਨ ਲੋਡ ਕਰੋ
App Store Play Store


## ਮੁੱਖ ਮੰਤਰੀ ਭਗਵੰਤ ਮਾਨ ਨੇ ਅਮਿਤ ਸ਼ਾਹ ਨਾਲ ਕੀਤੀ ਮੁਲਾਕਾਤ; ਕੇਂਦਰ ਤੋਂ 'ਰਾਹਤ ਪੈਕੇਜ' ਦੀ ਮੰਗ ਕੀਤੀ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਮੁੱਖ ਮੰਤਰੀ ਭਗਵੰਤ ਮਾਨ ਨੇ ਭਿਆਨਕ ਹੜ੍ਹਾਂ ਦੀ ਮਾਰ ਚੋਂ ਪੰਜਾਬ ਨੂੰ ਉਭਾਰਨ ਲਈ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਵਿਸ਼ੇਸ਼ ਪੈਕੇਜ ਦੀ ਮੰਗ ਕੀਤੀ।ਨਵੀਂ ਦਿੱਲੀ ਵਿਖੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਦੌਰਾਨ ਮੁੱਖ ਮੰਤਰੀ ਨੇ ਹੜ੍ਹਾਂ ਨਾਲ ਹੋਏ ਨੁਕਸਾਨ ਦੀ ਪੂਰਤੀ ਲਈ ਕੇਂਦਰੀ ਨਿਯਮਾਂ 'ਚ ਸੋਧ ਦੀ ਮੰਗ ਕੀਤੀ। ਉਨ੍ਹਾਂ ਚਾਲੂ ਸੀਜ਼ਨ 'ਚ ਝੋਨੇ ਦੀ ਫ਼ਸਲ ਦੀ ਖ਼ਰੀਦ ਦੇ ਮਾਪਦੰਡਾਂ 'ਚ ਸੋਧ ਤੋਂ ਇਲਾਵਾ ਕੰਡਿਆਲੀ ਤਾਰ ਤੋਂ ਪਾਰ ਦੇ ਕਿਸਾਨਾਂ ਦੇ ਮਸਲੇ ਉਠਾਏ। ਮੁੱਖ ਮੰਤਰੀ ਨੇ ਕੇਂਦਰੀ ਗ੍ਰਹਿ ਮੰਤਰੀ ਨਾਲ ਕੀਤੀ 25 ਮਿੰਟ ਦੀ ਮੀਟਿੰਗ 'ਚ ਪੰਜਾਬ 'ਚ ਹੜ੍ਹਾਂ ਦੀ ਤਬਾਹੀ ਦੇ ਭਿਆਨਕ ਦ੍ਰਿਸ਼ ਤੇ ਨੁਕਸਾਨ ਤੋਂ ਜਾਣੂ ਕਰਾਇਆ।ਮੁੱਖ ਮੰਤਰੀ ਭਗਵੰਤ ਮਾਨ ਅਮਿਤ ਸ਼ਾਹ ਨਾਲ ਮੀਟਿੰਗ ਮਗਰੋਂ ਕਾਫ਼ੀ ਆਸਵੰਦ ਨਜ਼ਰ ਆਏ। ਉਨ੍ਹਾਂ ਮੀਟਿੰਗ ਸੁਖਾਵੇਂ ਮਾਹੌਲ 'ਚ ਹੋਣ ਦੀ ਗੱਲ ਕਰਦਿਆਂ ਦੱਸਿਆ ਕਿ ਕੇਂਦਰੀ ਗ੍ਰਹਿ ਮੰਤਰੀ ਨੇ 1600 ਕਰੋੜ ਦੇ ਐਲਾਨੇ ਰਾਹਤ ਪੈਕੇਜ ਤੋਂ ਇਲਾਵਾ ਹੋਰ ਕੇਂਦਰੀ ਮਦਦ ਕਰਨ ਦਾ ਭਰੋਸਾ ਦਿੱਤਾ ਹੈ।ਕੇਂਦਰੀ ਗ੍ਰਹਿ ਮੰਤਰੀ ਨੇ ਪਹਿਲੇ ਵਿੱਤੀ ਪੈਕੇਜ ਨੂੰ 'ਟੋਕਨ ਮਨੀ' ਦੱਸਦਿਆਂ ਹੋਰ ਕੇਂਦਰੀ ਮਦਦ ਦੇਣ ਦਾ ਵਾਅਦਾ ਵੀ ਕੀਤਾ ਹੈ। ਮੁੱਖ ਮੰਤਰੀ ਨੇ ਉਮੀਦ ਜ਼ਾਹਿਰ ਕੀਤੀ ਕਿ ਕੇਂਦਰ ਸੰਕਟ ਦੀ ਘੜੀ 'ਚ ਪੰਜਾਬ ਨਾਲ ਖੜੇਗਾ ਕਿਉਂਕਿ ਪੰਜਾਬ ਹਮੇਸ਼ਾ ਹੀ ਔਖ ਦੇ ਵੇਲਿਆਂ 'ਚ ਦੇਸ਼ ਨਾਲ ਖੜ੍ਹਦਾ ਹੈ।





TAJ FURNACE CLEANING
We do Furnace & Carpet Cleaning
ਹੀਟ ਸਿਸਟਮ (ਫਰਨਿਸ) ਦੀ ਸਾਫ ਸਫਾਈ ਹਰ ਸਾਲ ਜਰੂਰੀ ਐ!
ਜੇਕਰ ਫਰਨਿਸ ਸਿਸਟਮ ਵਿੱਚ ਕੋਈ ਨੁਕਸ ਹੈ ਤਾਂ ਇਹਨਾਂ ਦੀ ਮਾਹਿਰ ਟੀਮ ਮੁਰੰਮਤ ਵੀ
ਪਰ ਇਹ ਸਾਫ ਸਫਾਈ ਕਿਹੜਾ ਤੁਸੀਂ ਆਪੇ ਹੀ ਕਰ ਲੈਣੀ ਐ, ਇਹਦੇ ਲਈ ਮਾਹਿਰ ਅਤੇ ਤਜ਼ਰਬੇਕਾਰ ਹੱਥਾਂ ਦੀ ਜਰੂਰਤ ਹੁੰਦੀ ਹੈ।
403-672-4500
tajfurnacecleaning@gmail.com
20 Saddleland Crt NE. Calgary AB T3J 5J5

Punjab Land Documents Writer (Regd.)
ਸਿਵਲ ਕੋਰਟਸ ਵਿੱਚ 35 ਸਾਲ ਕੀਤੇ ਕੰਮਾਂ ਦੇ ਤਜ਼ਰਬੇਕਾਰ
ਇੰਡੀਆ ਦੀਆਂ ਜ਼ਮੀਨਾਂ (PROPERTIES) ਦੇ ਡਾਕੂਮੈਂਟਸ/ ਵਸੀਕੇ ਤਸੱਲੀ ਬਖਸ਼ ਲਿਖੇ ਅਤੇ ਤਸਦੀਕ ਕੀਤੇ ਜਾਂਦੇ ਹਨ।
1.ਮੁਖਤਿਆਰਨਾਮੇ/Power of Attorney, ਵਸੀਅਤ/Will, ਪ੍ਰਾਪਟੀ ਟਰਾਂਸਫਰ, ਕੇਸ ਪੈਰਵੀ, ਤਕਸੀਮ-ਵੰਡ, ਬੈਂਕ ਲਿਮਟਾਂ, Affidavit, ਇੱਕਰਾਰਨਾਮੇ ਅਤੇ ਹਰ ਤਰ੍ਹਾਂ ਦੀਆਂ ਰਜਿਸਟਰੀਆਂ ਦੇ ਕੰਮ।
2.ਫਰਦਾਂ, ਨਕਲਾਂ, ਇੰਤਕਾਲ ਨਾਮ, ਮੋਟਰ ਕੁਨੈਕਸ਼ਨ, ਮੈਰਿਜ ਸਰਟੀਫਕੇਟ ਆਦਿ।
3.ਅਦਾਲਤੀ/ Court ਦੇ ਕੰਮਾਂ (ਕੇਸਾਂ ਬਾਰੇ) ਸਲਾਹ, ਜਾਣਕਾਰੀ।
ਕੈਨੇਡਾ ਬੈਠੇ ਇੰਡੀਆਂ ਦੀਆਂ ਪ੍ਰਾਪਟੀਜ਼ ਦੇ ਸਾਰੇ ਕੰਮ ਕਰਵਾ ਸਕਦੇ ਹੋ।
AVTAR SINGH TOOR Office: 587-581-1313
DOCUMENTS WRITER & ATTESTATION
Unit # 2210, 4715, 88 AVE NE. CALGARY





COLD IRON TRUCK CENTER
SALE LEASING WARRANTY
WE BUY, WE SELL TRUCKS & TRAILERS
212 - 6958 76 Ave NW, Edmonton
+1-416-560-2250, +1-780-904-0005
www.coldirontrucks.com





ਰੀਤ ਮੁਸ਼ਿਆਨਾ ਨੂੰ ਵੋਟ ਕਿਉਂ ਪਾਈਏ?
ਮੈਂ ਹਾਂ ਰੀਤ ਮੁਸ਼ਿਆਨਾ। ਮੇਰੀ ਕਹਾਣੀ ਮਾਰਟਿਨਡੇਲ, ਕੈਸਲਰਿਜ ਅਤੇ ਫਾਲਕਨਰਿਜ ਤੋਂ ਹੀ ਸ਼ੁਰੂ ਹੋਈ ਸੀ। ਆਪਣੀ ਧੀ ਨੂੰ ਗੁਆਉਣ ਤੋਂ ਬਾਅਦ, ਮੈਂ ਆਪਣੇ ਦੁੱਖ ਨੂੰ ਮਕਸਦ ਵਿੱਚ ਬਦਲ ਕੇ In Memory of Raunak Foundation ਸ਼ੁਰੂ ਕੀਤੀ, ਜੋ ਪਰਿਵਾਰਾਂ ਦੀ ਮੱਦਦ ਲਈ ਹੈ। ਇਹੀ ਹਿੰਮਤ ਅੱਜ ਵੀ ਮੈਨੂੰ ਮਜ਼ਬੂਤ ਬਣਾਉਂਦੀ ਹੈ। ਵਾਰਡ 5 ਦੇ ਨਿਵਾਸੀ safe streets, affordable living, ਅਤੇ ਭਰੋਸੇਯੋਗ ਲੀਡਰਸ਼ਿਪ ਦੇ ਹੱਕਦਾਰ ਹਨ।
ਇਹ ਵੋਟਾਂ ਵਾਰਡ 5 ਦਾ ਭਵਿੱਖ ਤੈਅ ਕਰਨਗੀਆਂ। ਪਰਿਵਾਰਾਂ ਨੂੰ ਸੁਰੱਖਿਆ, affordaibilty ਅਤੇ ਉਹਨਾਂ ਦੀ ਗੱਲ ਸੁਣਨ ਵਾਲੀ ਲੀਡਰਸ਼ਿਪ ਦੀ ਲੋੜ ਹੈ।
ਐਡਵਾਂਸ ਪੋਲ 6 ਤੋਂ 11 ਅਕਤੂਬਰ ਤੱਕ ਵੋਟਾਂ ਪੈਣੀਆਂ ਹਨ। ਐਡਵਾਂਸ ਪੋਲ ਰਾਹੀਂ ਆਪਣੀ ਆਵਾਜ਼ ਬੁਲੰਦ ਕਰੋ।
ਰੀਤ ਮੁਸ਼ਿਆਨਾ ਨੂੰ ਵੋਟ ਪਾਓ
ELECT REET WARD 5
BRIGHTER FUTURE, TOGETHER
ELECTION DAY: OCTOBER 20
ADVANCE POLLS OCTOBER 6-11
YOU CAN VOTE AT ANY ADVANCE POLL LOCATION IN CALGARY
MONDAY 10AM-7PM 6
TUESDAY 10AM-7PM 7
WEDNESDAY 10AM-7PM 8
THURSDAY 10AM-7PM 9
FRIDAY 10AM-7PM 10
SATURDAY 10AM-7PM 11
ਮੈਂ ਕਿੱਥੇ ਵੋਟ ਪਾਵਾਂ?
WARD 5 ADVANCE POLL LOCATIONS:
HOLIDAY INN & SUITES (CALGARY AIRPORT NORTH)
GENESIS CENTRE OF COMMUNITY WELLNESS
REET MUSHIANA
11125 38 St NE
Calgary, AB
587-366-2400
WWW.VOTEREET.CA
AUTHORIZED BY THE REGISTERED AGENT FOR THE REET MUSHIANA CAMPAIGN OFFICE.




SUPERVISA Medical Insurance
ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ
Punjab Insurance Inc
SERVICES
Life Insurance
Mortgage Insurance
Critical Illness Insurance
Disability Insurance
ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ
403 404 3500
sidhu.harpinder@gmail.com
Harpinder Sidhu
REGIONAL MANAGER
Lovepreet Sidhu
REGIONAL MANAGER




HMP
CUSTOM CABINETS
SPECIALIST IN
CUSTOM KITCHEN, BARS, WASHROOM VANITY, CLOSET & ALL COMMERCIAL MILL WORK
BUILT GARAGE, GARAGE DOOR INSTALLATION, NEW HOUSE FRAMING, OLD HOUSE EXTENSION & ANY OTHER ADD ON CONSTRUCTION WORK, BASEMENT DEVELOPMENT
HMP PROFESSIONAL CONSTRUCTION LTD.
PAUL SEKHON
403 701 4947, 403 829 5000
www.hmphone.com




ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ
17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ
ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।
ਇਹਨਾਂ ਨੂੰ ਸੁਪਰਵਾਈਜਰ/ਬੋਤਲ ਸੌਰਟਰ ਵਰਕਰਾਂ ਦੀ ਵੀ ਲੋੜ ਹੈ
ਪੰਜਾਬੀ ਬੋਲਣ ਵਾਲਾ ਸਟਾਫ
East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)




ਚੈਸਟਰਮੇਅਰ ਰਹਿਣ ਵਾਲੇ ਮੀਟ ਖਾਣ ਦੇ ਸ਼ੌਕੀਨਾਂ ਨੂੰ ਹੁਣ ਹੋਰ ਕਿਧਰੇ ਜਾਣ ਦੀ ਲੋੜ ਨਹੀਂ ਕਿਉਂਕਿ ਹੁਣ ਚੈਸਟਰਮੀਅਰ ਵਿੱਚ ਹੀ ਲੇਕਸਾਈਡ ਮੀਟ ਮਸਾਲਾ ਵਾਲੇ ਆ ਗਏ ਹਨ।
ਕੁੱਕ ਕੀਤਾ ਹੋਇਆ ਮੀਟ, ਮੱਛੀ, ਮੁਰਗਾ, ਬੱਕਰਾ ਘਰ ਲੈਜਾ ਕੇ ਖਾਣ ਲਈ 20 ਕੁ ਮਿੰਟ ਪਹਿਲਾਂ ਫੋਨ ਕਰੋ
LAKESIDE MEAT MASALA
Wings Special
Every Tuesday and Wednesday
Special Discount for Birthdays & Parties
10% OFF
On 3 Labs
ਬੱਕਰੇ ਅਤੇ ਮੁਰਗੇ ਦਾ ਅਚਾਰ ਹਰ ਵੇਲੇ ਤਿਆਰ ਮਿਲਦਾ ਹੈ
Uber Eats
LAKESIDE MEAT MASALA
Now Serving Cooked Marinated Meat, Fish and Chicken
202, 175 Chestermere Station Way Chestermere, AB T1X 1V2
587.470.4000

# ਚਾਰ ਸਾਲ ਲਈ ਪ੍ਰਾਪਰਟੀ ਟੈਕਸ ਫਰੀਜ ਕਰਨ ਦੀ ਸੋਚ ਰੱਖਦੀ ਹੈ ਰੀਤ ਮੁਸ਼ਿਆਣਾ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਿੱਚ ਸਿਟੀ ਚੋਣਾਂ ਲਈ ਚੱਲ ਰਹੀ ਚੋਣ ਮੁਹਿੰਮ ਇਹਨੀ ਦਿਨੀ ਜ਼ੋਰ ਫੜਦੀ ਨਜ਼ਰ ਆ ਰਹੀ ਹੈ । ਆਪਣੇ ਸਮਰਥਕਾਂ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਬੀਤੇ ਦਿਨੀ ਰੀਤ ਮੁਸ਼ਿਆਣਾ ਨੇ ਆਖਿਆ ਕਿ ਜਦੋਂ ਉਹ ਵੋਟਾਂ ਮੰਗਣ ਲਈ ਲੋਕ ਦਰਾਂ ਉੱਪਰ ਜਾਂਦੀ ਹੈ ਤਾਂ ਉਸ ਅੱਗੇ ਵੱਡੇ ਸਵਾਲ ਆ ਖੜਦੇ ਹਨ। ਜਿਹਨਾਂ ਵਿੱਚ ਪ੍ਰਾਪਰਟੀ ਟੈਕਸ ਅਤੇ ਗੜਿਆਂ ਦੀ ਮਾਰ ਕਾਰਣ ਪਰਿਵਾਰ ਮਾਨਸਿਕ ਤਣਾਅ ਵਿੱਚ ਹਨ । ਮੈਂ ਰੀਤ ਮਸ਼ਿਆਣਾ ਇੱਕ ਅਜਿਹੇ ਉਮੀਦਵਾਰ ਦੇ ਰੂਪ ਵਿੱਚ ਤੁਹਾਡੇ ਕੋਲੋਂ ਵੋਟਾਂ ਦੀ ਮੰਗ ਕਰਦੀ ਹਾਂ ਜੋ ਪ੍ਰਾਪਰਟੀ ਟੈਕਸ ਨੂੰ ਚਾਰ ਸਾਲ ਲਈ ਫਰੀਜ਼ ਕਰਨ ਦੀ ਸੋਚ ਰੱਖਦੀ ਹਾਂ। ਉਹਨਾਂ ਕਿਹਾ ਕਿ ਸਾਡੀਆਂ ਬੱਚੀਆਂ ਸਿਟੀ ਟਰਾਂਜਿਟ ਵਿੱਚ ਸੈਕਸੂਅਲੀ ਅਸਾਲਟ ਹੋ ਰਹੀਆਂ ਹਨ ਸਾਨੂੰ ਇਹ ਸੁਰੱਖਿਆ ਚਾਹੀਦੀ ਹੈ। ਸੜਕਾਂ ਦੇ ਨਿਰਮਾਣ ਸਬੰਧੀ ਉਹਨਾਂ ਤਿੱਖਾ ਬਿਆਨ ਦਿੱਤਾ ਕਿ ਸਿਰਫ ਰੋਡ ਸਾਈਨ ਲਗਾਕੇ ਪੈਚ ਵਰਕ ਕੀਤਾ ਜਾ ਰਿਹਾ ਹੈ। ਸੜਕਾਂ ਦਾ ਨਿਰਮਾਣ ਕਦੋਂ ਮੁਕੰਮਲ ਹੋਵੇਗਾ ਇਹ ਵੱਡਾ ਸੁਆਲ ਹੈ। ਵਾਰਡ ਨੰਬਰ 5 ਵਿੱਚ ਕਰਾਈਮ ਇੱਕ ਮੁੱਖ ਮੁੱਦਾ ਹੈ, ਆਏ ਦਿਨ ਵਪਾਰਿਕ ਅਦਾਰਿਆਂ ਉੱਪਰ ਗੋਲੀਆਂ ਚੱਲਣ ਅਤੇ ਫਿਰੌਤੀਆਂ ਮੰਗਣ ਦੀਆਂ ਘਟਨਾਵਾ ਵਾਪਰ ਰਹੀਆਂ ਹਨ ,ਸੜਕਾਂ ਅਤੇ ਪਾਰਕਾਂ ਵਿੱਚ ਸੁਰੱਖਿਆ ਨਹੀਂ ਹੈ। ਸਾਨੂੰ ਸਾਰਿਆਂ ਨੂੰ ਮਿਲਕੇ ਇਹਨਾਂ ਵੋਟਾਂ ਦੇ ਦਿਨਾਂ ਇਸ ਮਸਲੇ ਹੱਲ ਲੱਭਣ ਦਾ ਮੌਕਾ ਸਾਡੇ ਕੋਲ ਹੈ। ਇਸ ਮੌਕੇ ਉਹਨਾਂ ਐਡਵਾਂਸ ਪੋਲ ਦੇ ਦਿਨਾਂ ਵਿੱਚ ਉਹਨਾਂ ਨੂੰ ਵੋਟ ਪਾਉਣ ਦੀ ਅਪੀਲ ਕੀਤੀ।

# ਨਾਰਥ ਕੈਲਗਰੀ ਸੀਨੀਅਰ ਸੋਸਾਇਟੀ ਨੇ ਗੁਰਤਾ ਗੱਦੀ ਦਿਵਸ ਗੁਰੂ ਰਾਮ ਦਾਸ ਤੇ ਅੰਤਰਰਾਸ਼ਟਰੀ ਸ਼ਾਤੀ ਦਿਵਸ ਮਨਾਏ




ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਸੀਨੀਅਰ ਸੋਸਾਇਟੀ ਦੀ ਮਾਸਕ ਮੀਟਿੰਗ 24 ਸਤੰਬਰ ਨੂੰ ਲਿਵਿੰਗਸਟਨ ਕਮਿਊਨਿਟੀ ਸੈਂਟਰ ਦੇ ਹਾਲ ਵਿੱਚ ਹੋਈ ਜਿਸ ਦੀ ਪ੍ਰਧਾਨਗੀ ਸੰਤੋਖ ਸਿੰਘ ਕੰਦੋਲਾ ਨੇ ਕੀਤੀ ਅਤੇ ਮਹੀਨੇ ਦੌਰਾਨ ਮਨਾਏ ਗੁਰਤਾ ਗੱਦੀ ਦਿਵਸ ਗੁਰੂ ਰਾਮ ਦਾਸ ਤੇ ਅੰਤਰਰਾਸ਼ਟਰੀ ਸ਼ਾਤੀ ਦਿਵਸ ਬਾਰੇ ਚਾਨਣਾ ਪਾਉਂਦਿਆਂ ਹਾਜ਼ਰੀਨ ਨੂੰ ਜੀ ਆਇਆ ਕਿਹਾ । ਮੈਡਮ ਗੁਰਮਿੰਦਰ ਕੌਰ ਨੇ ਗੁਰਬਾਣੀ ਦਾ ਸ਼ਬਦ ਬੜੀ ਰਸਭਿੰਨੀ ਆਵਾਜ਼ ਵਿੱਚ ਸਰਵਣ ਕਰਵਾਇਆ। ਸੈਕਟਰੀ ਸ੍ਰ ਜਸਪਾਲ ਸਿੰਘ ਕੰਗ ਨੇ ਮੈਂਬਰ ਸਾਹਿਬਾਨ ਕੋਲੋਂ ਸਭਾ ਨੂੰ ਸੁਚਾਰੂ ਰੂਪ ਨਾਲ ਚਲਾਉਣ ਦੀ ਮੰਗ ਕੀਤੀ। ਸ੍ਰ ਸੁਖਮੰਦਰ ਸਿੰਘ ਗਿੱਲ ਨੇ "ਲੋਗੜੀ ਦੇ ਫੁੱਲ ਲਾ ਕੇ ਮੀਡੀਆ ਸੀ ਗੁੰਧੀਆਂ" ਗਾ ਕੇ ਮਨੋਰੰਜਨ ਕੀਤਾ। ਦਰਸ਼ਨ ਸਿੰਘ ਦਰਦੀ ਨੇ ਗੁਰੂ ਰਾਮ ਦਾਸ ਜੀ ਦੇ ਗੁਰਤਾ ਗੱਦੀ ਤੇ ਅੰਤਰਰਾਸ਼ਟਰੀ ਸ਼ਾਂਤੀ ਦਿਵਸ ਨੂੰ ਸਮਰਪਤ ਕਵਿਤਾ,ਅਤੇ ਸ੍ਰੀ ਵਿਜੇ ਸਚਦੇਵਾ ਨੇ ਨਾਟਕ "ਅਗਲਾ ਵਰਕਾ ਫੋਲ" ਤੇ "ਬੇਸਮੈਂਟ ਵਿੱਚ ਤਰੇੜ" ਬਾਰੇ ਜਾਣਕਾਰੀ ਦਿੱਤੀ । ਸ੍ਰ ਸੰਤੋਖ ਸਿੰਘ ਕੰਦੋਲਾ ਤੇ ਸ੍ਰ ਕਰਮ ਸਿੰਘ ਭੁੱਲਰ ਨੇ ਸ੍ਰੀ ਅਤੁੱਲ ਚੌਹਾਨ ਅਤੇ ਸ੍ਰ ਪ੍ਰੀਤਮ ਸਿੰਘ ਢਿੱਲੋਂ ਵੱਲੋਂ ਸੋਸਾਇਟੀ ਨੂੰ ਦਿੱਤੇ ਸਹਿਯੋਗ ਦਾ ਧੰਨਵਾਦ ਕਰਦਿਆਂ ਮੈਮੇਂਟੋ ਦੇ ਕੇ ਸਨਮਾਨਿਤ ਕੀਤਾ । ਕੈਲਗਰੀ ਸਿਟੀ ਕੌਂਸ਼ਲਰ ਚੋਣਾਂ ਲਈ ਉਮੀਦਵਾਰ ਸ੍ਰੀ ਅਤੂਲ ਚੌਹਾਨ, ਸ੍ਰੀ ਰਾਜੇਸ਼ ਅੰਗਰਾਲ ਤੇ ਮੈਡਮ ਜਸਪ੍ਰਿਆ ਜੌਹਲ ਨੇ ਹਾਜ਼ਰੀ ਲਵਾਈ। ਸ੍ਰ ਕਰਮ ਸਿੰਘ ਭੁੱਲਰ ਨੇ ਚੁੱਟਕਲਿਆਂ ਦੀ ਵਰਖਾ ਕਰਦਿਆਂ ਹਾਜ਼ਰੀਨ ਦਾ ਖੂਬ ਮਨੋਰੰਜਨ ਕੀਤਾ । ਸ੍ਰ ਜਗਦੇਵ ਸਿੰਘ ਸਿੱਧੂ ਨੇ ਕਨੇਡੀਅਨ ਮੂਲ ਨਿਵਾਸੀਆਂ ਉਪਰ ਬੀਤੇ ਸਮੇਂ ਚ ਹੋਏ ਅੱਤਿਆਚਾਰਾਂ ਨੂੰ ਕਵਿਤਾ ਰਾਹੀਂ ਬਿਆਨ ਕੀਤਾ । ਅੰਤ ਵਿੱਚ ਸ੍ਰ ਦਰਸ਼ਨ ਸਿੰਘ ਦਰਦੀ ਤੇ ਸ੍ਰ ਰਣਧੀਰ ਸਿੰਘ ਬਦੇਸ਼ਾ ਨੇ ਸਤੰਬਰ ਮਹੀਨੇ ਵਿੱਚ ਪੈਂਦੇ ਜਨਮ ਦਿਨ ਵਾਲੇ ਸੋਸਾਇਟੀ ਦੇ ਮੈਂਬਰਾਂ ਨੂੰ ਤੋਹਫ਼ੇ ਦੇ ਕੇ ਸਨਮਾਨਿਤ ਕੀਤਾ । ਸੋਸਾਇਟੀ ਦੇ ਪ੍ਰਧਾਨ ਸ੍ਰ ਸੰਤੋਖ ਸਿੰਘ ਕੰਦੋਲਾ ਨੇ ਕਾਰਵਾਈ ਸਮੇਟਦਿਆਂ ਆਏ ਮਹਿਮਾਨਾਂ ਤੇ ਹਾਜ਼ਰੀਨ ਮੈਂਬਰਾਂ ਦਾ ਧੰਨਵਾਦ ਕੀਤਾ।






# ਆਪਣਾ ਦੇਸ਼ ਪਰਾਏ ਲੋਕ



ਗੁਰਮੀਤ ਸਿੰਘ ਪਲਾਹੀ
-9815802070

ਹਰ ਪਾਸੇ ਪ੍ਰਵਾਸੀਆਂ ਲਈ ਸਰਹੱਦਾਂ ਉਤੇ ਰੋਕ ਲਾਈ ਜਾ ਰਹੀ ਹੈ। ਪ੍ਰਵਾਸ-ਕਾਨੂੰਨ ਸਖ਼ਤ ਹੋ ਰਹੇ ਹਨ। ਗ਼ੈਰ- ਨਾਗਰਿਕਾਂ ਨੂੰ ਦੇਸ਼ 'ਚੋਂ ਬਾਹਰ ਕੱਢਣ ਦਾ ਦਬਾਅ ਵਧਦਾ ਜਾ ਰਿਹਾ ਹੈ। ਦੇਸ਼ਾਂ ਦੇ ਦੇਸ਼ ਪ੍ਰਵਾਸੀਆਂ ਵਿਰੁੱਧ ਉਬਾਲ ਵਿੱਚ ਹਨ। ਆਨੇ-ਬਹਾਨੇ ਪ੍ਰਵਾਸੀਆਂ ਵਿਰੁੱਧ ਨਫ਼ਰਤ ਵਧ ਰਹੀ ਹੈ। ਮਨੁੱਖ ਨੂੰ ਮਨੁੱਖ ਨਾ ਸਮਝਣਾ ਕਿੰਨਾ ਘਾਤਕ ਹੈ! ਯੂਰਪ ਵਿੱਚ ਕੱਟੜਪੰਥੀ ਦਲ ਸਿਆਸਤ ਵਿੱਚ ਜ਼ੋਰ ਫੜਦੇ ਜਾ ਰਹੇ ਹਨ। 2024 'ਚ ਫਰਾਂਸ 'ਚ ਨੈਸ਼ਨਲ ਪਾਰਟੀ ਅਤੇ ਜਰਮਨੀ ਵਿੱਚ ਕੱਟੜਪੰਥੀ "ਆਊ" ਜਿਹੇ ਬਣੇ ਸਿਆਸੀ ਦਲ ਚੋਣਾਂ 'ਚ ਇੱਕ ਤਿਹਾਈ ਸੀਟਾਂ ਜਿੱਤ ਗਏ। ਇਹ ਸਿਆਸੀ ਦਲ ਬਿਆਨਬਾਜ਼ੀ ਕਰਦੇ ਹਨ। ਪ੍ਰਵਾਸ ਨੂੰ ਅਪਰਾਧ ਗਿਣਦੇ ਹਨ।

ਅਸਟਰੀਆ ਦੀ ਫਰੀਡਮ ਪਾਰਟੀ 30 ਫ਼ੀਸਦੀ ਵੋਟਾਂ ਲੈ ਗਈ। ਯੂਰਪ ਦੇ ਦੇਸ਼ਾਂ ਫਰਾਂਸ, ਇਟਲੀ, ਜਰਮਨੀ 'ਚ ਫ਼ਾਸ਼ੀਵਾਦੀ ਵਿਚਾਰਾਂ ਵਾਲੇ ਲੋਕਾਂ ਦਾ ਬੋਲਬਾਲਾ ਵਧਿਆ ਹੈ, ਜਿਹੜੇ ਪ੍ਰਵਾਸੀਆਂ ਵਿਰੁੱਧ ਇੱਕ ਲਹਿਰ ਖੜੀ ਕਰਨ 'ਚ ਕਾਮਯਾਬੀ ਹਾਸਲ ਕਰ ਰਹੇ ਹਨ। ਕੀ ਇਹ ਨਫ਼ਰਤੀ ਵਰਤਾਰਾ ਮਨੁੱਖਤਾ ਖਿਲਾਫ਼ ਵੱਡੀ ਜੰਗ ਨਹੀਂ ਹੈ? ਪ੍ਰਮਾਣੂ ਜੰਗ ਤੋਂ ਵੀ ਵੱਡੀ।

ਕੈਨੇਡਾ ਜਿਹੜਾ ਲੰਮੇਂ ਸਮੇਂ ਤੱਕ ਪ੍ਰਵਾਸੀਆਂ ਨੂੰ ਆਪਣੀ ਹਿੱਕ ਨਾਲ ਲਾਉਂਦਾ ਰਿਹਾ ਹੈ। ਉਸਨੂੰ ਉਥੇ ਵੱਡੇ ਤਣਾਅ ਦਾ ਸਹਾਮਣਾ ਕਰਨਾ ਪਿਆ ਹੈ। ਕੈਨੇਡਾ ਦੇ ਕਨਜ਼ਰਵੇਟਿਵ ਨੇਤਾ ਪਿਅਰੇ ਪਾਈਲਿਵਰੇ ਨੇ ਪ੍ਰਵਾਸੀਆਂ ਨੂੰ ਕੈਨੇਡਾ 'ਚ ਵਧ ਰਹੀਆਂ ਨੌਕਰੀਆਂ 'ਚ ਸਮੱਸਿਆਵਾਂ ਲਈ ਜ਼ੁੰਮੇਵਾਰ ਕਰਾਰ ਦਿੱਤਾ। ਕੈਨੇਡਾ 'ਚ ਇੰਮੀਗਰੇਸ਼ਨ ਕਾਨੂੰਨ 'ਚ ਸਖ਼ਤੀ ਦੇਖਣ ਨੂੰ ਮਿਲ ਰਹੀ ਹੈ। ਹਾਲਾਂਕਿ ਕੈਨੇਡਾ ਐਡਾ ਵੱਡਾ ਦੇਸ਼ ਹੈ, ਜਿਥੇ ਅਥਾਹ ਪ੍ਰਵਾਸੀ ਸਮਾਅ ਸਕਦੇ ਹਨ, ਚੰਗਾ ਗੁਜ਼ਰ-ਵਸਰ ਕਰ ਸਕਦੇ ਹਨ। ਅਸਟਰੇਲੀਆ ਵਿੱਚ ਵੀ ਪ੍ਰਵਾਸੀਆਂ ਪ੍ਰਤੀ ਨੀਤੀਆਂ 'ਚ ਬਦਲਾਅ ਹੈ ਅਤੇ ਹਜ਼ਾਰਾਂ ਲੋਕ ਪ੍ਰਵਾਸੀਆਂ ਵਿਰੁੱਧ ਵਿਖਾਵੇ ਕਰਨ ਲਈ ਅੱਗੇ ਆਏ ਹਨ, ਪ੍ਰਦਰਸ਼ਨ ਹੋ ਰਹੇ ਹਨ। 'ਨਓ-ਨਾਜੀ' ਨਾਲ ਜੁੜੇ ਵੱਡੇ ਪ੍ਰਦਰਸ਼ਨ ਪ੍ਰਵਾਸੀਆਂ ਨੂੰ ਦੇਸ਼ ਤੋਂ ਬਾਹਰ ਕੱਢਣ ਲਈ ਕੀਤੇ ਗਏ। ਅਮਰੀਕਾ 'ਚ ਟਰੰਪ ਦੀ ਜਿੱਤ ਨੇ ਪ੍ਰਵਾਸੀਆਂ ਵਿਰੁੱਧ ਮਿੱਥ ਕੇ ਜਿਸ ਢੰਗ ਨਾਲ 'ਰਾਸ਼ਟਰਵਾਦ' ਦੇ ਨਾਂਅ ਉਤੇ ਨਫ਼ਰਤੀ ਵਰਤਾਰਾ ਸਿਰਜਿਆ ਹੈ, ਉਸ ਦਾ ਦੁਨੀਆਂ ਭਰ 'ਚ ਖ਼ਾਸ ਕਰਕੇ ਯੂਰਪ 'ਚ ਪ੍ਰਭਾਵ ਪ੍ਰਤੱਖ ਦਿੱਖ ਰਿਹਾ ਹੈ। ਕੀ ਇਹ ਭਰਾਤਰੀਭਾਵ ਉਤੇ ਵੱਡੀ ਸੱਟ ਨਹੀਂ ਹੈ?

ਦੁਨੀਆ ਭਰ ਵਿੱਚ ਪ੍ਰਵਾਸੀਆਂ ਵਿਰੁੱਧ ਅੰਦੋਲਨਾਂ 'ਚ ਵਾਧਾ ਵੇਖਿਆ ਜਾ ਰਿਹਾ ਹੈ। ਇਹ ਅੰਦੋਲਨ ਹਾਸ਼ੀਏ 'ਚ ਨਹੀਂ ਸਗੋਂ ਮੁੱਖ ਧਾਰਾ ਬਣਦਾ ਜਾ ਰਿਹਾ ਹੈ। ਜਿਸ ਨਾਲ ਸਿਆਸੀ ਨੇਤਾਵਾਂ, ਰਾਸ਼ਟਰਵਾਦੀ ਪਾਰਟੀਆਂ ਅਤੇ ਇਥੋਂ ਤੱਕ ਕਿ ਐਲਨ ਮਸਕ ਜਿਹੇ ਵਿਸ਼ਵ ਪ੍ਰਸਿੱਧੀ ਪ੍ਰਾਪਤ ਪ੍ਰਭਾਵਸ਼ਾਲੀ ਲੋਕਾਂ ਦੀ ਚੜ੍ਹਤ ਹੋਈ ਹੈ। ਡੋਨਲਡ ਟਰੰਪ ਦੇ ਸੱਜੇ ਹੱਥ ਕੱਟੜਪੰਥੀ "ਕਿਰਕ" ਦੇ ਕਤਲ ਨੇ ਅੱਗ 'ਚ ਘਿਓ ਪਾਉਣ ਦਾ ਕੰਮ ਕੀਤਾ। ਜਿਸਦਾ ਸਿੱਟਾ ਬਰਤਾਨੀਆਂ 'ਚ ਦਿਖਿਆ। ਉਥੇ ਡੇਢ ਲੱਖ ਲੋਕ ਪ੍ਰਵਾਸੀ ਨੀਤੀਆਂ ਅਤੇ ਪ੍ਰਵਾਸੀਆਂ ਦੇ ਵਿਰੁੱਧ ਲੰਦਨ 'ਚ ਸੜਕਾਂ 'ਤੇ ਉਤਰ ਆਏ। ਐਲਨ ਮਸਕ ਦਾ ਇਹ ਬਿਆਨ ਕਿ ਪ੍ਰਵਾਸੀਆਂ ਨੂੰ ਸ਼ਰਨ ਦੇਣਾ ਦੇਸ਼ ਧਰੋਹ ਕਾਰਵਾਈ ਹੈ, ਨਾਲ ਇਹ ਰਾਸ਼ਟਰਵਾਦੀ ਨੇਤਾ ਮਜ਼ਬੂਤ ਹੋ ਰਹੇ ਹਨ। ਕੀ ਇਸ ਨਾਲ ਹਿਟਲਰੀ ਸੋਚ ਵਾਲੇ ਲੋਕਾਂ ਦਾ ਦਬਾਅ ਨਹੀਂ ਵਧੇਗਾ?

20 ਵੀਂ ਸਦੀ 'ਚ ਇੱਕ ਨਾਹਰਾ ਗੂੰਜਿਆ ਸੀ। ਵਿਸ਼ਵ ਨਾਗਰਿਕਤਾ ਨੂੰ ਹੁਲਾਰਾ ਮਿਲਿਆ ਸੀ। "ਵਿਸ਼ਵਵਾਦ" ਸੁਰਖੀਆਂ 'ਚ ਆਇਆ ਸੀ। ਪਰ ਹੁਣ ਇਸੇ ਨਾਹਰੇ ਨੂੰ, ਜੋ ਮਨੁੱਖਤਾ ਦੇ ਹਿੱਤ ਵਾਲਾ ਵੱਡਾ ਕਾਰਜ ਸੀ, ਨੂੰ ਪੈਰਾਂ ਹੇਠ ਮਿੱਧਣ ਲਈ ਕੱਟੜਪੰਥੀ ਅੱਡੀ ਚੋਟੀ ਦਾ ਜ਼ੋਰ ਲਗਾ ਰਹੇ ਹਨ। ਇਸ ਨਾਹਰੇ ਦੇ ਅਸਲ ਮਨੁੱਖਵਾਦੀ ਤੱਤਾਂ ਨੂੰ ਖ਼ਾਰਜ ਕਰਕੇ "ਆਪਣਾ ਦੇਸ਼ ਪਰਾਏ ਲੋਕ" ਦਾ ਨਾਹਰਾ ਹਰਮਨ ਪਿਆਰਾ ਕੀਤਾ ਜਾ ਰਿਹਾ ਹੈ ਅਤੇ ਇਸ ਦਾ ਨਾਹਰੇ ਦੇ ਤਹਿਤ "ਪ੍ਰਵਾਸੀਆਂ ਨੂੰ ਦੇਸ਼ 'ਚੋਂ ਕੱਢੋ", "ਸੂਬਿਆਂ 'ਚੋਂ ਕੱਢੋ" ਦਾ ਨਾਹਰਾ ਅੰਦੋਲਨ ਬੁਲੰਦ ਹੋ ਰਿਹਾ ਹੈ।

ਅਮਰੀਕਾ, ਕੈਨੇਡਾ, ਅਸਟਰੇਲੀਆ ਅਤੇ ਯੂਰਪ ਦੇ ਦੇਸ਼ਾਂ ਵਿੱਚ ਧਰੁਵੀਕਰਨ, ਪ੍ਰਵਾਸ-ਵਿਰੋਧੀ ਭਾਵਨਾ ਤਿੱਖੇ ਟਕਰਾਅ 'ਚ ਪ੍ਰਫੁੱਲਤ ਹੋ ਰਹੀ ਹੈ। ਭਾਵੇਂ ਪੱਛਮ ਵਿੱਚ ਸਮਾਜਿਕ ਸਮੂਹਾਂ ਵਿੱਚ ਵੱਡੇ ਪੈਮਾਨੇ 'ਤੇ ਹਿੰਸਕ ਟਕਰਾਅ ਨਹੀਂ ਹੈ। ਲੇਕਿਨ ਧਰੁਵੀਕਰਨ 'ਚ ਬਿਆਨਬਾਜੀ-ਯੁੱਧ ਸਿਖ਼ਰਾਂ 'ਤੇ ਪੁੱਜਾ ਹੈ। ਇਹ ਵਿਸ਼ਵ ਨਾਗਰਿਕਾਂ ਦੇ ਹਿਮੈਤੀਆਂ ਦੇ ਵਿਰੁੱਧ ਹਥਿਆਰ ਚੁੱਕਣ ਦਾ ਨਾਹਰਾ ਬੁਲੰਦ ਕਰਦੇ ਹਨ ਅਤੇ ਪ੍ਰਵਾਸੀਆਂ 'ਚ ਡਰ ਪੈਦਾ ਕਰਨ ਲਈ ਹਰ ਉਹ ਕਾਰਵਾਈ ਕਰਨ ਦੇ ਹਾਮੀ ਹਨ, ਜਿਸ ਨਾਲ ਦੇਸ਼ ਵਿੱਚ ਗ੍ਰਹਿ-ਯੁੱਧ ਜਿਹੇ ਹਾਲਾਤ ਪੈਦਾ ਹੋਣ।

ਪ੍ਰਵਾਸ ਵਿਰੋਧੀ ਇਹ ਕੱਟੜਪੰਥੀ, ਸਰਕਾਰੀ ਪ੍ਰਵਾਸ ਨੀਤੀਆਂ ਅਤੇ ਪ੍ਰਵਾਸੀਆਂ ਪ੍ਰਤੀ ਗੁੱਸੇ ਅਤੇ ਨਫ਼ਰਤ ਵਾਲੀ ਭਾਸ਼ਾ ਵਰਤਦੇ ਹਨ। ਉਹਨਾ ਵਿਰੁੱਧ ਹਥਿਆਰ ਚੁੱਕਣ ਦਾ ਹੋਕਾ ਦਿੰਦੇ ਹਨ ਅਤੇ ਟਰੰਪ ਜਿਹੇ ਨੇਤਾਵਾਂ ਦੇ ਹੱਥ ਮਜ਼ਬੂਤ ਕਰਦੇ ਹਨ, ਜਿਸਨੇ ਅੰਤਰਰਾਸ਼ਟਰੀ ਸੰਸਥਾਵਾਂ ਯੂ.ਐੱਸ.ਏ.ਆਈ.ਡੀ. ਆਦਿ ਜਿਹੀਆਂ ਸੰਸਥਾਵਾਂ ਨੂੰ ਖ਼ਤਮ ਕਰ ਦਿੱਤਾ, ਜਿਹੜਾ ਇਸ ਗੱਲ ਦਾ ਮੁਦੱਈ ਹੈ ਕਿ ਅੰਤਰਰਾਸ਼ਟਰੀ ਪੱਧਰ 'ਤੇ ਜਿਹੜੀਆਂ ਸੰਸਥਾਵਾਂ ਨੂੰ ਪੈਸੇ ਦਿੱਤੇ ਜਾਂਦੇ ਹਨ, ਉਹ ਦੇਸ਼ ਦੇ ਟੈਕਸ ਦੇਣ ਵਾਲੇ ਲੋਕਾਂ ਦੇ ਹਨ। ਇਹ ਪੈਸੇ ਦੀ ਨਜਾਇਜ਼ ਵਰਤੋਂ ਹੈ। ਉਹਨਾ ਨੂੰ 'ਅਮਰੀਕਾ ਫਸਟ' ਜਾਂ 'ਯੂਨਾਇਟ ਦਾ ਕਿੰਗਡਮ' ਜਿਹੇ ਨਾਹਰੇ ਪਸੰਦ ਹਨ, ਜਿਹੜੇ ਰਾਸ਼ਟਰਵਾਦ ਨੂੰ ਉਤਸ਼ਾਹਤ ਕਰਦੇ ਹਨ ਅਤੇ ਅੰਤਰਰਾਸ਼ਟਰੀ ਮੁਲਾਂ ਤੇ ਮਨੁੱਖਤਾਵਾਦੀ ਕਦਰਾਂ-ਕੀਮਤਾਂ ਨੂੰ ਨਕਾਰਦੇ ਹਨ।

ਖੁੱਲ੍ਹੇ ਵਿਚਾਰਾਂ ਵਾਲੇ ਉਦਾਰਵਾਦੀ ਸਾਸ਼ਕ ਖੁੱਲ੍ਹੀਆਂ ਸਰਹੱਦਾਂ ਦੇ ਹਿਮਾਇਤੀ ਹਨ। ਉਹ ਸਸਤੀ ਲੇਬਰ ਨੂੰ ਪੂੰਜੀਵਾਦੀ ਹਿੱਤਾਂ ਦੀ ਪੂਰਤੀ ਦੇ ਪਾਲਕ ਮੰਨਦੇ ਹਨ। ਉਹ ਵੱਡੇ ਪੈਮਾਨੇ 'ਤੇ ਪ੍ਰਵਾਸੀਆਂ ਦੇ ਹੱਕ 'ਚ ਖੜਦੇ ਹਨ, ਕਿਉਂਕਿ ਉਹ ਘੱਟ ਵੇਤਨ ਲਈ ਪ੍ਰਵਾਸੀਆਂ ਦੀ ਵਰਤੋਂ ਕਰਦੇ ਹਨ ਭਾਵੇਂ ਕਿ ਬਹੁਤੇ ਥਾਵਾਂ 'ਤੇ ਇਹ ਸਿਧਾਂਤ ਸਮਾਜਿਕ ਏਕਤਾ ਨੂੰ ਖ਼ਤਮ ਕਰਦਾ ਹੈ।

ਇਸਦੇ ਉਲਟ ਕੱਟੜਪੰਥੀ ਰਾਸ਼ਟਰਵਾਦੀ ਇਹ ਦੋਸ਼ ਲਗਾਉਂਦੇ ਹਨ ਕਿ ਸਥਾਨਕ ਅਬਾਦੀ ਦੀ ਥਾਂ ਪ੍ਰਦੇਸੀਆਂ ਨੂੰ ਲਿਆਉਣਾ ਉਥੋਂ ਦੇ ਵਾਸਨੀਕਾਂ ਦੇ ਹਿੱਤਾਂ ਦੇ ਉਲਟ ਹੈ। ਉਹ ਇਹ ਵੀ ਕਹਿੰਦੇ ਹਨ ਕਿ ਇਹ ਜਾਣ ਬੁੱਝਕੇ ਕੀਤਾ ਜਾ ਰਿਹਾ ਹੈ ਅਤੇ ਦੇਸੀ ਲੋਕਾਂ ਦੀਆਂ ਨੌਕਰੀਆਂ ਨੂੰ ਖੋਰਾ ਲਾਕੇ ਆਊਟ ਸੋਰਸ ਰਾਹੀਂ ਭਰਿਆ ਜਾ ਰਿਹਾ ਹੈ। ਜਿਸ ਨਾਲ ਸਥਾਨਕ ਲੋਕਾਂ ਦੇ ਮਨਾਂ 'ਚ ਗੁੱਸਾ ਹੈ। ਉਹ ਇਸ ਗੁੱਸੇ ਦੀ ਵਰਤੋਂ ਆਪਣੇ ਹਿੱਤ ਲਈ ਕਰਦੇ ਹਨ।

ਦੇਸ਼ ਭਾਰਤ ਦੇ ਕਿਰਤੀ-ਕਾਮਿਆਂ, ਪੇਸ਼ੇਵਰਾਂ ਨੂੰ 1960 ਦੇ ਦਹਾਕੇ 'ਚ ਖੁਲ੍ਹੀ ਅਵਾਸ ਨੀਤੀ ਦਾ ਫ਼ਾਇਦਾ ਹੋਇਆ। ਜਿਸ ਨਾਲ ਭਾਰਤੀ ਪੇਸ਼ੇਵਰ ਅਤੇ ਕਾਮੇ ਵੱਡੀ ਸੰਖਿਆ 'ਚ ਅਮਰੀਕਾ, ਕੈਨੇਡਾ, ਇੰਗਲੈਂਡ ਤੇ ਹੋਰ ਦੇਸ਼ਾਂ 'ਚ ਜਾਕੇ ਰੋਟੀ ਕਮਾਉਣ ਲੱਗੇ। ਇਹ ਵਰਤਾਰਾ ਲਗਾਤਾਰ ਜਾਰੀ ਰਿਹਾ। ਪਰ ਹੁਣ ਭਾਰਤ ਅਤੇ ਉਸਦੇ ਪ੍ਰਵਾਸੀਆਂ ਦੇ ਖਿਲਾਫ਼ ਇਕ ਮੁਹਿੰਮ ਵਿੱਢੀ ਜਾ ਚੁੱਕੀ ਹੈ, ਜੋ ਲਗਾਤਾਰ ਵੱਧ ਰਹੀ ਹੈ। ਇਹ ਵਰਤਾਰਾ ਭਾਰਤ ਲਈ ਨੁਕਸਾਨਦਾਇਕ ਹੈ, ਕਿਉਂਕਿ ਭਾਰਤ ਪਹਿਲਾਂ ਹੀ ਬੇਰੁਜ਼ਗਾਰੀ ਨਾਲ ਭੰਨਿਆ ਪਿਆ ਹੈ, ਜੋ ਪ੍ਰਵਾਸੀਆਂ ਦੀ ਵਾਪਸੀ ਦਾ ਦਬਾਅ ਸਹਿ ਨਹੀਂ ਸਕਦਾ।

ਪ੍ਰਵਾਸ ਦੁਨੀਆਂ 'ਚ ਨਵਾਂ ਵਰਤਾਰਾ ਨਹੀਂ ਹੈ, ਇੱਕ ਥਾਂ ਤੋਂ ਦੂਜੇ ਥਾਂ ਜਾਣਾ ਮਨੁੱਖ ਦੀ ਪ੍ਰਵਿਰਤੀ ਰਹੀ ਹੈ। ਜੰਗਲਾਂ ਤੋਂ ਬਾਹਰ ਨਿਕਲਣਾ, ਬਸਤੀਆਂ ਵਸਾਉਣਾ ਤੇ ਉਥੇ ਸਮੂਹਿਕ ਤੌਰ 'ਤੇ ਰਹਿਣਾ ਮਨੁੱਖ ਦੀ ਪ੍ਰਵਿਰਤੀ ਰਹੀ ਹੈ। ਉਹ ਲਗਾਤਾਰ ਸਥਾਨ ਬਦਲਦਾ ਰਿਹਾ ਹੈ। ਪ੍ਰਵਾਸ ਕਿਸੇ ਵਿਅਕਤੀ ਵਲੋਂ ਆਪਣੀ ਭੂਗੋਲਿਕ ਇਕਾਈ ਨੂੰ ਛੱਡ ਦੇਣ ਨੂੰ ਕਹਿੰਦੇ ਹਨ, ਜਿਸਦਾ ਉਹ ਮੂਲ ਨਿਵਾਸੀ ਹੁੰਦਾ ਹੈ। ਜੇਕਰ ਕੋਈ ਵਿਅਕਤੀ ਭਾਰਤ ਛੱਡਕੇ ਬਰਤਾਨੀਆ ਚਲਾ ਜਾਵੇ ਅਤੇ ਉਥੇ ਦਾ ਨਾਗਰਿਕ ਬਣ ਜਾਏ ਤਾਂ ਉਹ ਬਰਤਾਨੀਆ ਦਾ ਪ੍ਰਵਾਸੀ ਕਹਾਏਗਾ। ਸਾਲ 1970 ਦੇ ਦਹਾਕੇ 'ਚ ਬਹੁਤ ਲੋਕ ਪੂਰਬੀ ਜਰਮਨੀ ਛੱਡਕੇ ਪੱਛਮ ਜਰਮਨੀ 'ਚ ਜਾਣਾ ਚਾਹੁੰਦੇ ਸਨ ਅਤੇ ਉਹਨਾ ਨੂੰ ਜ਼ਬਰਦਸਤੀ ਰੋਕਣ ਲਈ ਬਰਲਿਨ ਦੀ ਦੀਵਾਰ ਖੜੀ ਕਰ ਦਿੱਤੀ ਗਈ। ਉਂਜ ਹਰ ਦੇਸ਼ ਨੇ ਪ੍ਰਵਾਸੀਆਂ ਨੂੰ ਰੋਕਣ ਲਈ ਕਾਨੂੰਨ ਬਣਾਇਆ ਹੋਇਆ ਹੈ, ਭਾਰਤ 'ਚ ਇੰਮੀਗਰੇਸ਼ਨ ਅਤੇ ਫਾਰਨਰ ਐਕਟ-2025 ਸਤੰਬਰ 2025 ਤੋਂ ਲਾਗੂ ਕੀਤਾ ਗਿਆ, ਜੋ ਪਹਿਲੇ ਇੰਮੀਗਰੇਸ਼ਨ ਕਾਨੂੰਨਾਂ ਦੀ ਥਾਂ ਲਵੇਗਾ।

ਭਾਰਤ 'ਚ 1991 ਦੇ ਆਰਥਿਕ ਸੁਧਾਰਾਂ ਦੇ ਬਾਅਦ ਅੰਦਰੂਨੀ ਅਤੇ ਵਿਸ਼ਵੀ ਪ੍ਰਵਾਸ 'ਚ ਵਾਧਾ ਵੇਖਿਆ ਗਿਆ ਹੈ, ਜਿਸ ਨਾਲ ਸ਼ਹਿਰੀਕਰਨ ਅਤੇ ਪ੍ਰਵਾਸ ਨਾਲ ਜੁੜੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਭਾਰਤ ਦਾ ਪ੍ਰਵਾਸੀ ਇਤਿਹਾਸ ਵੱਡਾ ਹੈ, ਜਿਸ ਨਾਲ ਭਾਰਤੀ ਭਾਸ਼ਾਵਾਂ ਅਤੇ ਸਭਿਆਚਾਰ ਉਤੇ ਵੱਡੇ ਅਸਰ ਪਏ। ਇਥੇ ਹਮਲਾਵਰ ਆਏ ਅਤੇ ਵਸ ਗਏ। ਮੌਜੂਦਾ ਦੌਰ 'ਚ ਭਾਰਤ ਅੰਤਰਰਾਸ਼ਟਰੀ ਪ੍ਰਵਾਸੀਆਂ ਦਾ ਸਭ ਤੋਂ ਵੱਡਾ ਸਰੋਤ ਹੈ।

ਪਿਛਲੇ ਦਹਾਕਿਆਂ ਭਾਰਤ 'ਚ ਕਰੋੜਾਂ ਦੀ ਗਿਣਤੀ 'ਚ ਲੋਕ ਪ੍ਰਵਾਸ ਕਰ ਚੁੱਕੇ ਹਨ ਅਤੇ ਲਗਭਗ ਅੱਧੀ ਤੋਂ ਵੱਧ ਦੁਨੀਆ ਦੇ ਦੇਸ਼ਾਂ 'ਚ ਇਥੋਂ ਦੇ ਵਸਨੀਕ ਵਸ ਚੁੱਕੇ ਹਨ। ਅੰਦਰੂਨੀ ਪ੍ਰਵਾਸ ਨੂੰ ਵਾਚੀਏ ਤਾਂ ਜਿਹੜੇ ਸੂਬੇ ਆਰਥਿਕ ਤੌਰ 'ਤੇ ਮਜ਼ਬੂਤ ਹਨ, ਖ਼ਾਸ ਤੌਰ 'ਤੇ ਖੇਤੀ ਪ੍ਰਧਾਨ ਜਾਂ ਉਦਯੋਗ ਨਾਲ ਭਰੇ ਪਏ ਹਨ, ਉਥੇ ਦੂਜੇ ਸੂਬਿਆਂ ਦੇ ਲੋਕ ਆਉਂਦੇ ਹਨ। ਪ੍ਰਵਾਸ ਹੁੰਦਾ ਹੈ। ਸਥਾਨਕ ਵਸੋਂ ਨਾਲ ਪ੍ਰਵਾਸੀਆਂ ਦਾ ਇੱਟ-ਖੜਿਕਾ ਚੱਲਦਾ ਹੈ। ਮਹਾਂਰਾਸ਼ਟਰ ਅਤੇ ਪੰਜਾਬ ਇਸਦੀ ਉਦਾਹਰਨ ਹੈ। ਜਿਥੇ ਪ੍ਰਵਾਸੀਆਂ ਦੀ ਗਿਣਤੀ ਵਧਦੀ ਜਾ ਰਹੀ ਹੈ, ਜੋ ਇਥੋਂ ਦੇ ਅਰਥਚਾਰੇ ਦੀ ਵੱਡੀ ਲੋੜ ਬਣ ਚੁੱਕੇ ਹਨ। ਪਰ ਸਥਾਨਕ ਲੇਬਰ ਦੇ ਮੁਕਾਬਲੇ ਪ੍ਰਵਾਸੀਆਂ ਦੀ ਸਸਤੀ ਲੇਬਰ ਮਿਲਣ ਕਾਰਨ, ਆਪਸੀ ਵਿਰੋਧ ਵਧਦਾ ਵੇਖਿਆ ਜਾ ਰਿਹਾ ਹੈ।

ਪਰ ਦੁਖਾਂਤ ਇਹ ਹੈ ਕਿ ਮਨੁੱਖ ਜਿਸ ਦੇਸ਼ ਨੂੰ ਆਪਣਾ ਨਵਾਂ ਦੇਸ਼ ਮੰਨਕੇ ਉਥੋਂ ਦੀ ਤਰੱਕੀ ਲਈ ਕੰਮ ਕਰਦਾ ਹੈ, ਉਹੋ ਦੇਸ਼ ਉਸ ਲਈ ਪਰਾਇਆ ਬਣਾਇਆ ਜਾ ਰਿਹਾ ਹੈ। ਬੀਮਾਰ ਸੋਚ ਵਾਲੇ ਲੋਕ ਨਫ਼ਰਤੀ ਵਰਤਾਰਾ ਵਧਾ ਰਹੇ ਹਨ ਅਤੇ ਜਿਸ ਨਾਲ ਲੱਖਾਂ ਨਹੀਂ ਕਰੋੜਾਂ ਲੋਕ ਇਹ ਦੁਖਾਂਤ ਝੱਲ ਰਹੇ ਹਨ। "ਟਰੰਪੀ ਸੋਚ" ਨੇ ਵਿਸ਼ਵ ਭਰ 'ਚ ਪ੍ਰਵਾਸੀਆਂ ਦੇ ਦੁੱਖਾਂ 'ਚ ਵਾਧਾ ਕੀਤਾ ਹੈ ਅਤੇ ਉਹਨਾ ਨੂੰ ਪਰਾਏਪਨ ਦਾ ਅਹਿਸਾਸ ਕਰਵਾਇਆ ਹੈ।




ਇਹ ਕਾਲਮ ਨਿਰੋਲ ਕਲਪਨਾ 'ਤੇ ਅਧਾਰਿਤ ਹੈ ਅਤੇ ਇਸ ਦਾ ਕਿਸੇ ਵੀ ਜਿਉਂਦੇ-ਜਾਗਦੇ ਵਿਅਕਤੀ ਨਾਲ ਕੋਈ ਸਿੱਧਾ ਜਾਂ ਅਸਿੱਧਾ ਸਬੰਧ ਨਹੀਂ ਹੈ। ਇਸ ਵਿਚਲੇ ਵਿਚਾਰ ਲੇਖਕ ਦੇ ਹਨ ਤੇ ਅਦਾਰਾ 'ਪੰਜਾਬੀ ਅਖ਼ਬਾਰ' ਇਹਨਾਂ ਵਿਚਾਰਾਂ ਦਾ ਵਿਰੋਧ ਜਾਂ ਇਹਨਾਂ ਦੀ ਪ੍ਰੋੜਤਾ ਨਹੀਂ ਕਰਦਾ ਹੈ।
-ਸੰਪਾਦਕ

# ਸੱਤਿਆ ਭੈਣ ਜੀ ਦੀ ਚਿੱਠੀ ਰਿਸ਼ੀ ਨਾਗਰ ਦੇ ਨਾਮ #6

## ਲਿਖਤੁਮ ਸੱਤਿਆ ਭੈਣ ਜੀ...

**ਸੱਤਿਆ ਭੈਣ ਜੀ ਦਾ ਜਨਮ ਜੂਨ, 1944 ਵਿੱਚ ਉਸ ਵੇਲੇ ਦੇ ਪੰਜਾਬ ਦੇ ਊਨਾ ਜ਼ਿਲ੍ਹਾ ਵਿੱਚ ਹੋਇਆ ਸੀ ਜਿਹੜਾ ਕਿ ਅੱਜਕਲ ਭਾਰਤੀ ਸੂਬੇ ਹਿਮਾਚਲ ਪ੍ਰਦੇਸ਼ ਵਿੱਚ ਪੈਂਦਾ ਹੈ। ਉਹਨਾਂ ਨੇ ਜਲੰਧਰ ਤੋਂ ਬੀ.ਏ; ਬੀ.ਐਡ. ਤੱਕ ਦੀ ਪੜ੍ਹਾਈ ਕੀਤੀ ਤੇ ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵਿੱਚ ਬਤੌਰ ਐਸ.ਐਸ. ਮਿਸਟ੍ਰੈਸ 1972 ਤੋਂ ਨੌਕਰੀ ਸ਼ੁਰੂ ਕੀਤੀ। ਜੀਵਨ ਵਿੱਚ ਸਾਦਗੀ ਤੇ ਧਾਰਮਿਕਤਾ ਉਹਨਾਂ ਉੱਪਰ ਬਹੁਤ ਭਾਰੂ ਰਹੀ ਤੇ ਉਹਨਾਂ ਨੂੰ ਚਲਾਕੀ, ਸ਼ੈਤਾਨੀ ਆਦਿ ਦੀ ਭਿਣਕ ਵੀ ਨਹੀਂ ਲੱਗੀ ਸੀ। ਬੱਸ ਵਿੱਚ ਸਫ਼ਰ ਕਰਦਿਆਂ ਉਹ ਕਿਸੇ ਵੀ ਧਾਰਮਿਕ ਸਥਾਨ ਨੂੰ ਦੇਖਦੇ ਤਾਂ ਅੱਖਾਂ ਮੀਟ ਕੇ ਹੱਥ ਜੋੜ ਕੇ ਸਿਰ ਝੁਕਾ ਦਿੰਦੇ ਸਨ ਤੇ ਅਜਿਹਾ ਉਹ ਕਈ ਵਾਰ ਪਿੰਡਾਂ ਵਿੱਚ ਸੜਕਾਂ ਉੱਪਰ ਬਣੇ ਦਰਸ਼ਨੀ ਗੇਟਾਂ ਵੱਲ ਦੇਖ ਕੇ ਵੀ ਕਰ ਦਿੰਦੇ ਸਨ। ਹਮੇਸ਼ਾ ਸਟੀਲ ਦੇ ਗਲਾਸ ਵਿੱਚ ਪਾਣੀ ਪੀਣਾ ਤੇ ਸ਼ਾਕਾਹਾਰੀ ਭੋਜਨ ਖਾਣਾ ਉਹਨਾਂ ਦੀ ਰੁਟੀਨ ਵਿੱਚ ਸ਼ਾਮਿਲ ਸੀ। ਭਾਵੇਂ ਕਿ ਉਹ ਐਸ. ਐਸ. ਮਿਸਟ੍ਰੈਸ ਸਨ ਭਾਵ ਕਿ ਉਹਨਾਂ ਦਾ ਮੁੱਖ ਕੰਮ ਵਿਦਿਆਰਥੀਆਂ ਨੂੰ ਸਮਾਜਿਕ ਸਿੱਖਿਆ ਤੇ ਅੰਗਰੇਜ਼ੀ ਪੜ੍ਹਾਉਣਾ ਸੀ ਪਰ ਉਹਨਾਂ ਦੀ ਵਧੇਰੇ ਦਿਲਚਸਪੀ ਹਿੰਦੀ ਪੜ੍ਹਾਉਣ ਵਿੱਚ ਹੁੰਦੀ ਸੀ ਤੇ ਸਾਰੀ ਉਮਰ ਉਹ ਅੱਠਵੀਂ ਜਮਾਤ ਤੱਕ ਹਿੰਦੀ ਪੜ੍ਹਾਉਂਦੇ ਰਹੇ। ਉਹ ਬਹੁਤ ਮਜ਼ਾਕੀਆ ਸੁਭਾਅ ਦੇ ਮਾਲਕ ਸਨ ਤੇ ਹਰ ਗੱਲ 'ਤੇ 'ਹਾਏ ਵੇ ਮੈਂ ਮਰਗੀ ਵੇ' ਕਹਿਣਾ ਉਹਨਾਂ ਦੀ ਆਦਤ ਬਣ ਗਿਆ ਸੀ। ਸਾਰੇ ਵਿਦਿਆਰਥੀ ਉਹਨਾਂ ਨੂੰ ਸੱਤਿਆ ਭੈਣ ਜੀ ਕਹਿ ਕੇ ਹੀ ਬੁਲਾਉਂਦੇ ਸਨ। ਸਾਲ 2002 ਵਿੱਚ ਉਹ ਸੇਵਾ ਮੁਕਤ ਹੋ ਗਏ ਸਨ ਤੇ ਸਾਲ 2023 ਵਿੱਚ ਉਹਨਾਂ ਦਾ ਦੇਹਾਂਤ ਹੋ ਗਿਆ। ਹੁਣ ਉਹਨਾਂ ਦੀ ਪੰਜਵੀਂ ਚਿੱਠੀ ਆਈ ਹੈ।**

**ਵੇ ਰਿਸ਼ੀ ਮੁਨੀ, ਕਿਵੇਂ ਐਂ ਪੁੱਤਰਾ!**

ਅਧਿਆਪਕ ਦਿਵਸ ਆ ਰਿਹੈ ਤੇ ਮੈਂ ਸੋਚਿਆ ਕਿ ਤੂੰ ਮੈਨੂੰ ਜ਼ਰੂਰ ਯਾਦ ਕਰ ਰਿਹਾ ਹੋਣੈ ਤੇ ਕਿਉਂ ਨਾ ਮੈਂ ਈ ਤੈਨੂੰ ਯਾਦ ਕਰ ਲਵਾਂ ਤੇ ਪੁਰਾਣੇ ਦਿਨਾਂ ਨੂੰ ਇਕ ਵਾਰ ਫਿਰ ਯਾਦ ਕਰ ਲਵਾਂ! 'ਹਾਏ ਵੇ ਮੈਂ ਮਰਗੀ ਵੇ' ... 5 ਸਤੰਬਰ ਆ ਰਿਹੈ ਤੇ ਇੰਡੀਆ ਵਿੱਚ ਇਹ ਦਿਨ ਅਧਿਆਪਕ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦੈ। ਭਾਰਤ ਦੇ ਦੂਸਰੇ ਰਾਸ਼ਟਰਪਤੀ ਡਾ ਸਰਵਪੱਲੀ ਰਾਧਾਕ੍ਰਿਸ਼ਨਨ ਦੇ ਜਨਮ ਦਿਨ ਨੂੰ ਅਧਿਆਪਕ ਦਿਵਸ ਦਾ ਨਾਮ ਦਿੱਤਾ ਗਿਆ ਹੈ। ਤੈਨੂੰ ਤਾਂ ਪਤਾ ਈ ਐ ਰਿਸ਼ੀ, ਤੇ ਤੂੰ ਆਪ ਵੀ ਟੀਚਰ ਰਿਹੈਂ, ਕਿ ਡਾ ਰਾਧਾਕ੍ਰਿਸ਼ਨਨ ਖੁਦ ਕਿੰਨੇ ਵੱਡੇ ਤੇ ਮਹਾਨ ਟੀਚਰ ਸਨ। ਤੂੰ ਜਦੋਂ ਜਦੋਂ ਸਾਨੂੰ ਯਾਦ ਕਰਦੈਂ ਤਾਂ ਸਾਨੂੰ ਆਪਣੇ ਅਧਿਆਪਕ ਹੋਣ 'ਤੇ ਫ਼ਖ਼ਰ ਹੋਣ ਲੱਗ ਪੈਂਦੈ, 'ਹਾਏ ਵੇ ਮੈਂ ਮਰਗੀ ਵੇ'। ਸਾਡੇ ਹੋਣਹਾਰ ਵਿਦਿਆਰਥੀ ਅੱਜ ਕਿਸ ਕਿਸ ਮੁਕਾਮ 'ਤੇ ਪਹੁੰਚੇ ਨੇ...ਇਹ ਸੋਚ ਸੋਚ ਕੇ ਮਨ ਤਸੱਲੀ ਨਾਲ ਭਰ ਜਾਂਦੈ। ਸਾਡੇ ਪੜ੍ਹਾਏ ਕਈ ਵਿਦਿਆਰਥੀ ਡਾਕਟਰ, ਇੰਜਨੀਅਰ, ਸਕੂਲ ਤੇ ਕਾਲਜ ਟੀਚਰ ਬਣੇ ਪਰ ਤੂੰ ਹੀ ਇਕ ਅਜਿਹਾ ਨਿਕੰਮਾ ਨਿੱਕਲਿਆ ਜਿਹੜਾ ਯੂਨਿਵਰਸਿਟੀ ਲੈਵਲ ਤੱਕ ਪੜ੍ਹਾ ਕੇ ਬਕ ਬਕ ਕਰਨ ਦੀ ਨੌਕਰੀ ਲੈ ਕੇ ਬਹਿ ਗਿਆ। ਬੱਸ ਤੈਨੂੰ ਦੇਖ ਕੇ ਈ ਥੋੜ੍ਹਾ ਬਹੁਤ ਅਫ਼ਸੋਸ ਹੁੰਦੈ, ਨਹੀਂ ਤਾਂ ਬਾਕੀ ਸਾਰੇ, ਸਾਡੇ ਪੜ੍ਹਾਏ ਹੋਏ ਨਿਆਣੇ ਚੰਗੀਆਂ ਥਾਵਾਂ 'ਤੇ ਲੱਗੇ ਹੋਏ ਨੇ। ਤੈਨੂੰ ਵੈਸੇ ਕੀ ਸੁੱਝਿਆ ਸੀ ਵੇ ਰਿਸ਼ੀ, 'ਹਾਏ ਵੇ ਮੈਂ ਮਰਗੀ ਵੇ' ਕਿ ਚੰਗੀ ਭਲੀ ਨੌਕਰੀ ਛੱਡ ਕੇ ਤੂੰ ਅਖ਼ਬਾਰ ਵਿੱਚ ਜਾ ਵੜਿਆ ਸੀ ਤੇ ਹੁਣ ਤੂੰ ਰੇਡੀਓ 'ਤੇ ਜਾ ਲੱਗਿਐਂ?

ਚੱਲ ਜਾ...ਸਾਨੂੰ ਕੀ ਜੋ ਮਰਜ਼ੀ ਕਰਦਾ ਫਿਰ! ਸਾਨੂੰ ਤਾਂ ਮਾਣ ਐ ਕਿ ਅਸੀਂ ਟੀਚਰ ਸੀ। ਮੈਂ ਤਾਂ ਪੰਜਾਬ ਦੇ ਅਧਿਆਪਕਾਂ ਦੀਆਂ ਬਣੀਆਂ 23 ਯੂਨੀਅਨਾਂ ਵਿੱਚੋਂ ਸਭ ਤੋਂ ਵੱਡੀ ਟੀਚਰ ਯੂਨੀਅਨ ਦੀ ਲੀਡਰ ਸੀ। ਜਿੰਨੀਆਂ ਜ਼ਿਆਦਾ ਯੂਨੀਅਨਾਂ ਹੋਣ, ਉਨੇ ਜ਼ਿਆਦਾ ਮੈਂਬਰ ਬਣਦੇ ਐ। ਜਿੰਨੇ ਮੈਂਬਰ ਵੱਧ ਹੋਣ, ਉਨੀ ਮਾਇਆ ਵੱਧ ਇੱਕਠੀ ਹੁੰਦੀ ਐ। 'ਹਾਏ ਵੇ ਮੈਂ ਮਰਗੀ ਵੇ', ਵੇ ਮਰ ਜਾਣਿਆ ਮਾਇਆ ਵੱਧ ਇਕੱਠੀ ਹੋਣ ਦੇ ਨਾਮ 'ਤੇ ਮੂੰਹ ਜਿਹਾ ਨਾ ਬਣਾਈ ਜਾਵੀਂ! ਆਉਣ ਜਾਣ ਦੇ ਖ਼ਰਚੇ ਹੋਰ ਕਿਥੋਂ ਪੂਰੇ ਕਰਨੇ ਹੁੰਦੇ ਐ - ਇਸੇ ਮਾਇਆ ਨਾਲ ਘਰ ਚੱਲਦੈ। ਨਾਲੇ ਰਿਸ਼ੀ ਮੁਨੀ, ਅਸੀਂ ਜਦ ਹੜਤਾਲ 'ਤੇ ਜਾਂਦੀਆਂ ਸੀ ਜਾਂ ਧਰਨਿਆਂ ਵਿੱਚ ਸ਼ਾਮਿਲ ਹੁੰਦੀਆਂ ਸਾਂ - ਮਜ਼ਾਲ ਐ ਸਾਨੂੰ ਕਿਸੇ ਸਪੀਕਰ ਦੀ ਲੋੜ ਪੈ ਜਾਵੇ। ਇਕ ਵਾਰੀ ਚੰਡੀਗੜ੍ਹ ਗਈ ਮੈਂ ਧਰਨਾ ਦੇਣ। ਅਸੀਂ 2-300 ਜਣੇ ਸੀ ਪੰਜਾਬ ਦੇ ਵੱਖ ਵੱਖ ਹਿੱਸਿਆਂ ਤੋਂ ਆਏ ਅਧਿਆਪਕ। ਮੇਰੀ ਵਾਰੀ ਆਈ ਜਦੋਂ ਭਾਸ਼ਣ ਕਰਨ ਦੀ ਤਾਂ ਧਰਨੇ ਦਾ ਵਿਰੋਧ ਕਰਨ ਵਾਲੀਆਂ ਫਾਸ਼ੀ ਤਾਕਤਾਂ ਨੇ ਉਥੇ ਪਾਣੀ ਦਾ ਛਿੜਕਾਅ ਕਰਤਾ। 'ਹਾਏ ਵੇ ਮੈਂ ਮਰਗੀ ਵੇ' ਮੈਂ ਤਾਂ ਝੱਟ ਦੇਣੀ ਉਥੇ ਲੱਗੀ ਕਨਾਤ ਦੇ ਬਾਂਸ ਨੂੰ ਚਿੰਬੜ ਕੇ ਉੱਪਰ ਚੜ੍ਹ ਗਈ। ਉਹ ਹੇਠੋਂ ਪਾਣੀ ਛਿੜਕ ਕੇ ਅਜੇ ਮੁੜੇ ਈ ਸੀ ਤੇ ਮੈਂ ਉਪਰੋਂ ਬਾਂਸ ਤੋਂ ਈ ਆਪਣਾ ਭਾਸ਼ਣ ਮੁੜ ਸ਼ੁਰੂ ਕਰਤਾ ਸੀ। ਸਾਰੇ ਹੈਰਾਨ ਕਿ ਇਹ ਬੀਬੀ ਕਿਥੋਂ ਬੋਲੀ ਜਾਂਦੀ ਐ 'ਹਾਏ ਵੇ ਮੈਂ ਮਰਗੀ ਵੇ'! ਜਦੋਂ ਮੈ ਉੱਤਰੀ ਬਾਂਸ ਤੋਂ ਹੇਠਾਂ ਤਾਂ ਜਾ ਕੇ ਲੋਕਾਂ ਨੂੰ ਪਤਾ ਲੱਗਿਆ ਕਿ ਸੱਤਿਆ ਤਾਂ ਬਾਂਸ ਨਾਲ ਚਿੰਬੜੀ ਹੋਈ ਸੀ। ਅਸੀਂ ਜਦੋਂ ਪੰਜਾਂ ਸੱਤਾਂ ਮਾਸਟਰਾਂ-ਭੈਣ ਜੀ ਆਂ ਨੇ ਜਾਣਾ ਧਰਨਿਆਂ - ਮੁਜ਼ਾਹਰਿਆਂ 'ਤੇ, ਤਾਂ ਹੈਡਮਾਸਟਰ ਨੂੰ ਹੱਥਾਂ ਪੈਰਾਂ ਦੀ ਪੈ ਜਾਂਦੀ ਸੀ। ਕਲਾਸਾਂ ਦਾ ਵੀ ਦਾ ਪ੍ਰਬੰਧ ਕਰਨਾ ਪੈਂਦਾ ਸੀ ਉਹਨਾਂ ਨੂੰ, ਨਹੀਂ ਤਾਂ ਪੰਚਾਇਤ ਆ ਕੇ ਖੌਰੂ ਪਾਉਂਦੀ ਸੀ।

'ਹਾਏ ਵੇ ਮੈਂ ਮਰਗੀ ਵੇ' ਰਿਸ਼ੀ...ਜਦੋਂ ਸਾਇੰਸ ਵਾਲੇ ਬਖ਼ਸ਼ੀਸ਼ ਸਿੰਘ ਨੇ ਪੜ੍ਹਾਉਣੀ ਹਿੰਦੀ, ਪੰਜਾਬੀ ਵਾਲੇ ਸੁਦਰਸ਼ਨ ਕੁਮਾਰ ਨੇ ਪੜ੍ਹਾਉਣਾ ਮੈਥ, ਡਰਾਇੰਗ ਵਾਲੇ ਸੁਰਿੰਦਰ ਕੁਮਾਰ ਨੇ ਪੜ੍ਹਾਉਣੀ ਸੋਸ਼ਲ ਸਟੱਡੀਜ਼ ਤਾਂ ਵੱਖਰਾ ਈ ਆਨੰਦ ਜਿਹਾ ਆ ਜਾਂਦਾ ਸੀ। ਪੂਰਾ ਮਜ਼ਾ ਤਾਂ ਉਦੋਂ ਆਉਂਦਾ ਸੀ ਜਦੋਂ ਪੀਟੀ ਮਾਸਟਰ ਜੰਗ ਸ਼ੇਰ ਹੁਰੀਂ ਅੰਗਰੇਜ਼ੀ ਪੜ੍ਹਾਉਂਦੇ ਹੁੰਦੇ ਸੀ। ਨਿਆਣਿਆਂ ਨੇ ਅਰਦਾਸਾਂ ਕਰਨੀਆਂ ਕਿ ਧਰਨੇ ਲੱਗਦੇ ਰਹਿਣ, ਮਾਸਟਰ ਉਥੇ ਜਾਂਦੇ ਰਹਿਣ ਤੇ ਇਹਨਾਂ ਦੀਆਂ ਤਨਖਾਹਾਂ ਕਦੀ ਵੀ ਨਾ ਵਧਣ ਤਾਂ ਕਿ ਉਹਨਾਂ ਦੀਆਂ ਮੌਜਾਂ ਲੱਗੀਆਂ ਰਹਿਣ।

ਜੰਗ ਸ਼ੇਰ ਹੁਰੀਂ ਵੀ ਅੱਜਕੱਲ ਇਧਰ ਈ ਹੁੰਦੇ ਐ... ਤੇਰਾ ਡੈਡੀ ਤਾਂ ਐਤਵਾਰ ਨੂੰ ਨਿਆਣਿਆਂ ਨੂੰ ਸੱਦ ਕੇ ਹਿੰਦੀ ਪੜ੍ਹਾ ਦਿੰਦਾ ਸੀ ਪਰ ਸਾਥੋਂ ਜਲੰਧਰੋਂ ਥੋੜ੍ਹੀ ਆ ਹੁੰਦਾ ਸੀ। 'ਹਾਏ ਵੇ ਮੈਂ ਮਰਗੀ ਵੇ'। ਜੰਗ ਸ਼ੇਰ ਨੇ ਇਕ ਦਿਨ ਗੱਲ ਸੁਣਈ। ਉਹ ਲੈਣ ਗਏ ਬੱਕਰੇ ਦਾ ਮੀਟ। ਝਟਕਈ, ਮਾਸਟਰ ਜੰਗਸ਼ੇਰ ਦਾ ਸਟੂਡੈਂਟ ਸੀ। ਕਹਿੰਦਾ ਮਾਸਟਰ ਜੀ, ਇਹ ਬੁੱਢਾ ਬੱਕਰਾ ਸੀ, ਇਹਦਾ ਮਾਸ ਤੁਹਾਥੋਂ ਗਲਣਾ ਨਹੀਂ, ਕੱਲ ਤਾਜ਼ਾ ਲੈ ਜਾਈਓ। ਜੰਗ ਸ਼ੇਰ ਅੱਗੋਂ ਕਹਿੰਦਾ - ਅਸੀਂ ਨਿਆਣਿਆਂ ਦੀਆਂ ਜ਼ਿੰਦਗੀਆਂ ਗ਼ਾਲਤੀਆਂ, ਬੱਕਰਾ ਕਿੱਦਾਂ ਨਾ ਗਲੂ...ਦੇ ਦੇ ਦੋ ਕਿਲੋ! 'ਹਾਏ ਵੇ ਮੈਂ ਮਰਗੀ ਵੇ' ਬਹੁਤ ਬੋਲਦਾ ਸੀ ਜੰਗ ਸ਼ੇਰ ਵੈਸੇ!

ਸਾਡੀਆਂ ਹੜਤਾਲਾਂ ਤੇ ਧਰਨਿਆਂ ਕਰਕੇ ਸਕੂਲ ਦੇ ਟੀਚਰਾਂ ਦੀ ਗਿਣਤੀ ਪੂਰੀ ਕਰਨ ਵਾਸਤੇ ਪਿੰਡ ਦੇ ਕਈ ਪਾੜ੍ਹਿਆਂ ਨੂੰ ਕੰਮ ਮਿਲ ਜਾਂਦਾ ਸੀ। ਤੂੰ ਵੀ ਤਾਂ ਮੇਰੀ ਥਾਂ ਤੇ ਆ ਕੇ ਹਿੰਦੀ ਪੜ੍ਹਾ ਕੇ ਜਾਂਦਾ ਸੀ। ਵੈਸੇ ਤੂੰ ਬਹੁਤ ਖ਼ਰਾਬ ਹੁੰਦਾ ਸੀ, ਰਿਸ਼ੀ! 'ਹਾਏ ਵੇ ਮੈਂ ਮਰਗੀ ਵੇ' ਇਕ ਵਾਰ ਤੂੰ ਛੇਵੀਂ ਜਮਾਤ ਦੇ ਮੇਰੇ ਨਿਆਣਿਆਂ ਨੂੰ ਹਿੰਦੀ ਦੀ ਪੈਂਤੀ ਵਿੱਚ 'ਰਿ' ਰਿਸ਼ੀ ਲਿਖਿਆ ਸੀ ਤੇ ਇਹ ਤੇਰਾ ਆਪਣਾ ਨਾਮ ਵੀ ਸੀ ਪਰ ਤੂੰ ਜਾਣ ਬੁੱਝ ਕੇ 'ਰਿ' ਰਿਸ਼ੀ ਦੀ ਥਾਂ 'ਰਿ'-ਰਿੱਛ ਸਿਖਾ ਗਿਆ ਸੀ। ਮੈਂ ਨਿਆਣਿਆਂ ਨੂੰ ਕਹਾਂ ਕਿ 'ਰਿ' ਰਿਸ਼ੀ ਹੁੰਦਾ, ਤੇ ਉਹ ਕਹਿਣ ਰੀ-ਰਿੱਛ ਹੁੰਦੈ। ਸਾਨੂੰ ਨਵਾਂ ਮਾਸਟਰ ਸਿਖਾ ਕੇ ਗਿਐ। ਸੱਚ ਜਾਣੀ, ਰਿਸ਼ੀ, ਤੇਰੀ ਇਹ ਸ਼ਰਾਰਤ ਠੀਕ ਕਰਨ ਵਿੱਚ ਮੈਨੂੰ ਨੌਂ ਦਿਨ ਲੱਗੇ ਸੀ, 'ਹਾਏ ਵੇ ਮੈਂ ਮਰਗੀ ਵੇ'।

ਸਾਡੀਆਂ ਹੜਤਾਲਾਂ ਤੇ ਧਰਨਿਆਂ ਕਰਕੇ ਮਾਸਟਰਾਂ ਨੂੰ ਮਿਲੇ ਗ੍ਰੇਡਾਂ ਦਾ ਭੁਗਤਾਨ ਨਕਦ ਕੀਤਾ ਜਾਣ ਲੱਗਿਆ, ਪ੍ਰਾਇਮਰੀ ਸਕੂਲਾਂ ਵਿੱਚ ਪੜ੍ਹਾਉਂਦੇ ਉਹਨਾਂ ਜੇਬੀਟੀ ਅਧਿਆਪਕਾਂ ਨੂੰ ਬੀਐਡ ਕਾਡਰ ਮਿਲਿਆ ਜਿਹਨਾਂ ਨੇ ਬੀਐਡ ਕੀਤੀ ਹੁੰਦੀ ਸੀ। ਹੜਤਾਲਾਂ ਨਾ ਕਰੋ, ਧਰਨੇ ਨਾ ਲਾਉ ਤਾਂ ਸਰਕਾਰਾਂ ਕਿਥੋਂ ਸੁਣਦੀਆਂ ਸੀ ਸਾਡੀਆਂ ਮੰਗਾਂ? ਲੋਕਾਂ ਨੂੰ ਵੀ ਖੌਰੇ ਕੀ ਆਖ਼ਰ ਆਈ ਰਹਿੰਦੀ ਸੀ ਕਿ ਸਾਡੇ ਦੋ ਰੁਪਈਏ ਫੀਸ ਵਾਲੇ ਸਕੂਲ ਵਿੱਚ ਆਪਣੇ ਨਿਆਣੇ ਨਹੀਂ ਸੀ ਪੜ੍ਹਾਉਂਦੇ ਪਰ ਪ੍ਰਾਇਵੇਟ ਸਕੂਲ ਵਿੱਚ 100 ਰੁਪਈਏ ਫੀਸ ਦੇ ਕੇ ਪੜ੍ਹਾਉਂਦੇ ਸੀ। ਅਸੀਂ ਵੱਧ ਪੜ੍ਹੇ ਲਿਖੇ ਹੁੰਦੇ ਸੀ, ਫੀਸ ਵੀ ਨਾ ਬਰਾਬਰ ਹੁੰਦੀ ਸੀ ਸਾਡੇ ਸਰਕਾਰੀ ਸਕੂਲਾਂ ਦੀ, ਪਰ ਨਿਆਣੇ ਕੋਈ ਲਾਉਂਦਾ ਈ ਨਹੀਂ ਸੀ ਸਾਡੇ ਕੋਲ, 'ਹਾਏ ਵੇ ਮੈਂ ਮਰਗੀ ਵੇ'। ਪ੍ਰਾਇਵੇਟ ਸਕੂਲਾਂ ਦੇ 10ਵੀਂ, 12ਵੀਂ ਪੜ੍ਹੇ ਮਾਸਟਰਾਂ ਭੇਣ ਜੀਆਂ ਕੋਲ ਵੱਧ ਫੀਸ ਦੇ ਕੇ ਭੇਜਦੇ ਸੀ ਆਪਣੇ ਨਿਆਣੇ, ਬੇਗ਼ੈਰਤ ਲੋਕ! ਅਸੀਂ ਤਾਂ ਧਰਨੇ, ਹੜਤਾਲਾਂ ਕਰਕੇ, ਜੇਲਾਂ ਭਰ ਭਰ ਕੇ ਆਪਣੀਆਂ ਤਨਖਾਹਾਂ ਕਿਸੇ ਤਰ੍ਹਾਂ ਵਧਵਾ ਲਈਆਂ ਪਰ ਸਰਕਾਰਾਂ ਨੇ ਉਹੀ ਕਸਰ ਸਕੂਲਾਂ ਵਿੱਚ ਕੱਢਤੀ। ਨਾ ਟੀਚਰ ਭਰਤੀ ਕੀਤੇ, ਨਾ ਸਕੂਲ ਇਮਾਰਤਾਂ ਠੀਕ ਕਰਵਾਈਆਂ। ਸਾਡੇ ਸਕੂਲਾਂ ਵਿੱਚ ਨਾ ਪੱਖੇ ਹੁੰਦੇ ਸੀ ਨਾ ਪਖਾਨੇ! 'ਹਾਏ ਵੇ ਮੈਂ ਮਰਗੀ ਵੇ' ... ਹੁਣ ਜੇ ਕਿਤੇ ਸਾਡੀਆਂ ਮੰਗਾਂ ਸਰਕਾਰਾਂ ਸਮੇਂ ਸਿਰ ਪੂਰੀਆਂ ਕਰ ਦਿੰਦੀਆਂ ਤਾਂ ਅਗਲੇ ਧਰਨੇ-ਹੜਤਾਲਾਂ-ਮੁਜ਼ਾਹਰੇ ਅਸੀਂ ਇਹਨਾਂ ਲਈ ਲਾਉਣੇ ਸੀ ਪਰ ਮਰ ਜਾਣੇ ਲੀਡਰਾਂ ਨੇ ਸਾਡੇ ਈ ਪੈਰ ਨਾ ਲੱਗਣ ਦਿੱਤੇ। ਸੋ ਸੋਚਿਆ ਕਿ ਅਗਲੀ ਵਾਰ ਨਿਆਣਿਆਂ ਲਈ ਧਰਨੇ ਮਾਰਾਂਗੇ ਪਰ ਉਹਦੀ ਵਾਰੀ ਓ ਈ ਨਾ ਆਈ!

ਅਸੀਂ ਧਰਨੇ- ਮੁਜ਼ਾਹਰੇ ਲਾ ਲਾ ਕੇ ਬਦਲੀਆਂ ਦੀਆਂ ਨੀਤੀਆਂ ਬਣਵਾਈਆਂ। ਐਵੇਂ ਈ ਸਰਕਾਰਾਂ ਬਦਲੀਆਂ ਕਰ ਦਿੰਦੀ ਸੀ ਤੇ ਬਦਲਾਖੋਰੀ ਵਿੱਚ ਬਦਲੀਆਂ ਕਰਦੀ ਸੀ ਕਈ ਵਾਰੀ! ਅਸੀਂ ਸਭ ਬਦਲੀਆਂ ਰੁਕਵਾਈਆਂ ਤਾਂ ਕਿ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਨਾ ਹੋਵੇ। ਅੱਵਲ ਤਾਂ ਸਟੂਡੈਂਟ ਯੂਨੀਅਨਾਂ ਹੁੰਦੀਆਂ ਈ ਨਹੀਂ ਸੀ ਪਰ ਜਦ ਕਦੀ ਸਟੂਡੈਂਟ ਤੇ ਔਖਾ ਸਮਾਂ ਆਉਂਦਾ ਸੀ ਤਾਂ ਕੌਣ ਜਾਂਦਾ ਸੀ ਉਹਨਾਂ ਦੇ ਹੱਕਾਂ ਵਾਸਤੇ? ਅਸੀਂ ਜਾਂਦੇ ਸੀ।

ਹੁਣ ਤਾਂ ਮੈਂ ਸੁਣਿਐ ਕਿ ਤੁਹਾਡੇ ਸੂਬੇ ਵਿੱਚ ਵੀ ਹੜਤਾਲ ਹੋਣ ਨੂੰ ਫਿਰਦੀ ਐ ਤੇ ਮਾਸਟਰ ਭੈਣ ਜੀ ਆਂ ਤਿਆਰੀ ਖਿੱਚੂ ਰਹੇ ਐ ਹੜਤਾਲ 'ਤੇ ਜਾਣ ਦੀ! ਕਰਨੀ ਚਾਹੀਦੀ ਐ ਉਹਨਾਂ ਨੂੰ ਇਹ ਹੜਤਾਲ! ਪਰ ਮੈਨੂੰ ਇਕ ਗੱਲ ਨਹੀਂ ਸਮਝ ਆ ਰਹੀ! ਤੁਹਾਡੇ ਸਕੂਲ ਟੀਚਰ ਇਹ ਕਿਉਂ ਕਹਿ ਰਹੇ ਐ ਕਿ ਕਲਾਸ ਵਿੱਚ ਨਿਆਣੇ ਘੱਟ ਕਰੋ? 'ਹਾਏ ਵੇ ਮੈਂ ਮਰਗੀ ਵੇ'... ਜੇ ਤੁਹਾਡੀ ਇਕ ਕਲਾਸ ਵਿੱਚ 40 ਨਿਆਣੇ ਹੋ ਗਏ ਤਾਂ ਫੇਰ ਕੀ ਲੋਹੜਾ ਆ ਗਿਆ? ਮੈਂ ਤੁਹਾਡੀ ਸੱਤਵੀਂ ਜਮਾਤ ਵਿੱਚ 60 ਨੂੰ ਪੜ੍ਹਾਉਂਦੀ ਸੀ ਕਿ ਨਹੀਂ? ਜਿਥੇ 30 ਨੂੰ ਪੜ੍ਹਾਉਣਾ ਉਥੇ 10 ਹੋਰ ਪੜ੍ਹ ਜਾਣਗੇ ਤਾਂ ਕਿਹੜਾ ਅਸਮਾਨ ਡਿੱਗ ਪੈਣ ਲੱਗਿਆ? ਮਾਸਟਰਾਂ-ਭੈਣ ਜੀਆਂ ਨੂੰ ਗੋਲੀ ਵੱਜਦੀ ਐ ਦਸ-ਵੀਹ ਵਾਧੂ ਨਿਆਣਿਆਂ ਨੂੰ ਪੜ੍ਹਾਉਣ ਵਿੱਚ। ਅਖੇ ਸਾਨੂੰ ਟੀਚਰ ਐਸਿਸਟੈਂਟ ਵੀ ਦਿਉ। ਸਾਡੇ ਵੇਲੇ ਤਾਂ ਅਸੀਂ ਮਰਦਮਸ਼ੁਮਾਰੀ ਵੀ ਕਰਦੇ ਸੀ, ਪਿੰਡਾਂ ਵਿੱਚ ਪਸ਼ੂਆਂ ਦੀ ਗਿਣਤੀ ਵੀ ਕਰਦੇ ਸੀ। ਆਰਥਿਕ ਸਰਵੇਖਣ ਵੀ ਸਾਡੀ ਜ਼ਿੰਮੇਦਾਰੀ ਸੀ। ਪੰਚਾਇਤੀ ਵੋਟਾਂ ਹੋਣ ਜਾਂ ਸੂਬਾਈ ਵੋਟਾਂ ਜਾਂ ਫਿਰ ਲੋਕਸਭਾ ਚੋਣਾਂ - ਸਾਡੀ ਡਿਊਟੀ ਪੱਕੀ ਹੁੰਦੀ ਸੀ...ਤੁਹਾਡੇ ਟੀਚਰਾਂ ਨੂੰ ਦੰਦਲ ਪੈਂਦੀ ਐ ਜੇ ਭੋਰਾ ਚਾਰ ਵੱਧ ਨਿਆਣੇ ਪੜ੍ਹਾ ਲੈਣ ਤਾਂ। ਫਿੱਟੇ ਪਏ ਐ ਤੁਹਾਡੇ ਟੀਚਰ! 'ਹਾਏ ਵੇ ਮੈਂ ਮਰਗੀ ਵੇ' ਕਿੰਨੇ ਹੰਕਾਰੇ ਹੋਏ ਐ ਤੁਹਾਡੇ ਟੀਚਰ! ਵੇ ਰਿਸ਼ੀ, ਸਾਡੀ ਤਾਂ ਇਕ ਵਾਰੀ ਡੀਸੀ ਨੇ ਡਿਊਟੀ ਲਾ'ਤੀ ਕਿ ਪਿੰਡਾਂ ਵਿੱਚ ਲੋਕਾਂ ਦਾ ਸਹਿਯੋਗ ਕਰੋ। ਤੁਹਾਡਾ ਇਕ ਗੁਆਂਢੀ ਹੁੰਦਾ ਸੀ; ਸਾਧੂ ਸੀ ਉਹਦਾ ਨਾਮ ਖੌਰੇ, ਮੇਰੇ ਕੋਲ ਆ ਗਿਆ ਮਰ ਜਾਣਾ, ਕਹਿੰਦਾ ਜੀ ਸਾਡਾ ਖੋਤਾ ਗੁਆਚ ਗਿਆ 3 ਦਿਨ ਹੋ ਗਏ, ਡੀਸੀ ਸਾਹਿਬ ਨੇ ਕਿਹਾ ਕਿ ਟੀਚਰਾਂ ਨਾਲ ਰਾਬਤਾ ਕਰੋ ਉਹ ਹੈਲਪ ਕਰ ਦੇਣਗੇ। ਮੈਂ ਸੜੀ ਭੁੰਨੀ ਹੈਡਮਾਸਟਰ ਕੋਲ ਗਈ ਤਾਂ ਉਹ ਕਹਿੰਦਾ, ਬੀਬੀ ਸੱਤਿਆ, ਡੀਸੀ ਸਾਹਬ ਦਾ ਹੁਕਮ ਐ, ਕੰਮ ਤਾਂ ਕਰਨਾ ਈ ਪਊ। 'ਹਾਏ ਵੇ ਮੈਂ ਮਰਗੀ ਵੇ' ਰਿਸ਼ੀ..ਮੈਂ ਤਿੰਨ ਦਿਨ ਸਾਇਕਲ ਲੈ ਕੇ ਨਾਲ ਲੱਗਦੇ ਪਿੰਡਾਂ ਵਿੱਚ ਉਹਦੇ ਖੋਤੇ ਦੀਆਂ ਨਿਸ਼ਾਨੀਆਂ ਲੈ ਕੇ ਗੇੜੇ ਕੱਢਦੀ ਰਹੀ। ਖੋਤਾ ਮਰ ਜਾਣਾ, ਨੌ ਕਿਲੋਮੀਟਰ ਦੂਰ ਖੋਤੀਆਂ ਵਾਲੇ ਪਿੰਡ ਦੀ ਜੂਹ ਵਿੱਚ ਬੈਠਾ ਹਿਣਕਣ ਡਿਹਾ ਸੀ। ਕੁੱਤਾ ਕਿਸੇ ਥਾਂ ਦਾ ਉਹ ਕਮੀਨਾ, ਘਟੀਆ ਖੋਤਾ! ਉਥੋਂ ਮੈਂ ਸਾਇਕਲ ਚਲਾ ਕੇ ਆਈ, ਉਹਨੂੰ ਆ ਕੇ ਦੱਸਿਆ ਤਾਂ ਜਾ ਕੇ ਉਹ ਲੈ ਕੇ ਆਇਆ। ਮਰ ਜਾਣੇ ਪਿੰਡ ਵਾਲਿਆਂ ਨੇ 15 ਅਗਸਤ ਨੂੰ ਵੀ ਮੈਨੂੰ ਸਨਮਾਨਿਤ ਨਹੀਂ ਕੀਤਾ। ਉਹਦਾ ਕੁੱਤਾ ਜਿਹਾ ਖੋਤਾ ਵੀ ਲੱਭਿਆ ਪਰ ਮੇਰੀ ਕੋਈ ਕੀਮਤ ਵੀ ਨਾ ਪਾਈ ਕਿਸੇ ਨੇ! ਕਮੀਨੇ ਕਿਸੇ ਥਾਂ ਦੇ! ਮਤਲਬੀ ਸਿਰੇ ਦੇ!

ਮੈਨੂੰ ਬੜਾ ਮਾਣ ਐ ਕਿ ਅਸੀਂ ਦੇਸ਼ ਦੇ ਨਿਰਮਾਤਾ ਹੁੰਦੇ ਆਂ। ਦੇਸ਼ ਦੀ ਤਾਮੀਰ ਅਸੀਂ ਕਰਨੀ ਹੁੰਦੀ ਐ। ਸਾਡੀ ਕਦਰ ਕਰਨੀ ਬਣਦੀ ਐ। ਪਰ ਤੁਹਾਡੀਆਂ ਸਰਕਾਰਾਂ ਸਾਨੂੰ ਖੱਜਲ ਬਹੁਤ ਕਰਦੀਆਂ ਨੇ। ਐਲਬਰਟਾ ਵਾਲਿਆਂ ਨੇ ਪਿਛਲੇ ਦਸ ਸਾਲਾਂ ਵਿੱਚ ਸਿਰਫ਼ ਸਾਢੇ ਕੁ ਪੰਜ ਪਰ ਸੈਂਟ ਤਨਖਾਹ ਵਧਾਈ ਐ। ਨਾ ਨਵੇਂ ਟੀਚਰ ਰੱਖਦੇ ਐ, ਨਾ ਉਹਨਾਂ ਨੂੰ ਐਸਿਸਟੈਂਟ ਦਿੰਦੇ ਐ ਤੇ ਨਾ ਈ ਕਲਾਸਰੂਮ ਸਾਇਜ਼ ਛੋਟਾ ਕਰਦੇ ਐ। ਲਾਹਨਤੀ ਕਿਸੇ ਥਾਂ ਦੇ! ਅਸੀਂ ਤਾਂ ਸੱਤਰ-ਸੱਤਰ ਨਿਆਣੇ ਪੜ੍ਹਾ'ਤੇ! ਸਾਰਿਆਂ ਨੂੰ ਹੱਥੀਂ ਕੰਮ ਕਰਨਾ ਸਿਖਾਇਆ। ਕੋਈ ਨਾਈ ਐ, ਕੋਈ ਮੋਚੀ, ਕੋਈ ਝਟਕਈ! ਕੋਈ ਪਿੰਡ ਦੇ ਅੱਡੇ 'ਤੇ ਗੂੰਦ ਕਤੀਰਾ ਵੇਚਦੈ, ਕਿਸੇ ਨੇ ਗੋਲਗੱਪਿਆਂ ਦਾ ਕੰਮ ਸ਼ੁਰੂ ਕੀਤੈ ਤੇ ਕੋਈ ਕਨੇਡੇ ਜਾ ਕੇ ਰੇਡੀਓ 'ਤੇ ਬਕ ਬਕ ਕਰੀ ਜਾਂਦੈ। ਸਭ ਆਪੋ ਆਪਣੀ ਥਾਂ ਸੈੱਟ ਨੇ! ਸਾਨੂੰ ਬਹੁਤ ਮਾਣ ਹੁੰਦੈ ਆਪਣੇ ਪੜ੍ਹਾਏ ਨਿਆਣਿਆਂ 'ਤੇ। ਕੋਈ ਵੀ ਬੇਰੁਜ਼ਗਾਰ ਨਹੀਂ। ਹੋਰ ਕੀ ਚਾਹੀਦੈ।

ਚੱਲ ਮੈਂ ਤਾਂ ਤੈਨੂੰ ਇਹੀ ਯਾਦ ਕਰਵਾਉਣਾ ਸੀ ਕਿ ਆਪਣੇ ਟੀਚਰਾਂ ਨੂੰ ਯਾਦ ਕਰੀਦਾ ਹੁੰਦੈ! ਅਧਿਆਪਕ ਦਿਵਸ 'ਤੇ ਸਾਡੇ ਨਾਮ ਦਾ ਵੀ ਇਕ ਦੀਵਾ ਜਗਾ ਦੇਣਾ! ਤੇਰੇ ਵਰਗੇ ਖੌਰੇ ਕਿੰਨੇ ਦੀਵੇ ਅਸੀਂ ਧਰਤੀ 'ਤੇ ਬਣਾ-ਬਾਲ ਕੇ ਆਏ ਐਂ!

**ਚੰਗਾ ਪੁੱਤਰਾ!**
**ਜਿਉਂਦਾ ਵੱਸਦਾ ਰਹੁ!**
**ਤੇਰੀ ਟੀਚਰ, ਸੱਤਿਆ ਭੈਣ ਜੀ!**



ਪੰਜਾਬੀ ਅਖਬਾਰ ਆਪ ਪੜ੍ਹੋ ਅਤੇ ਹੋਰਾਂ ਨੂੰ ਪੜ੍ਹਨ ਦੀ ਆਦਤ ਪਾਓ
ਮੁੱਖ ਸੰਪਾਦਕ ਹਰਬੰਸ ਸਿੰਘ ਬੁੱਟਰ
403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: ''ਪੰਜਾਬੀ ਅਖ਼ਬਾਰ'' ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ, ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ''ਪੰਜਾਬੀ ਅਖ਼ਬਾਰ'' ਵਿੱਚ ਛਪਦੇ ਇਸ਼ਤਿਹਾਰਾਂ ਸਬੰਧੀ, ਸਬੰਧਤ ਚੀਜ਼ਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ, ਕੁਆਲਿਟੀ, ਸਬੰਧੀ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖ਼ਬਰ ਨੂੰ ਪ੍ਰਕਾਸ਼ਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
– ਸੰਪਾਦਕ

ਮੁੱਖ ਦਫ਼ਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

## ਸ਼ਹੀਦ ਭਗਤ ਸਿੰਘ ਇੱਕ ਅਧਿਆਪਕ ਵੱਜੋਂ

# ਇੱਕ ਉਹ ਪਿੰਡ ਜਿਸ ਦੇ ਹਰ ਘਰ ਅੰਦਰ ਸ਼ਹੀਦ ਭਗਤ ਸਿੰਘ ਦੀ ਫੋਟੋ ਲੱਗੀ ਹੋਈ ਹੈ



ਪਿੰਡ ਸ਼ਾਦੀਪੁਰ ਦੇ ਖੇਡ ਮੈਦਾਨ ਵਿੱਚ ਲੱਗਿਆ ਬੁੱਤ

ਸਕੂਲ ਸਮੇਂ ਦੌਰਾਨ ਸ਼ਹੀਦ ਭਗਤ ਸਿੰਘ ਬਾਰੇ ਪੜ੍ਹਦੇ ਸੀ ਅਤੇ ਅਧਿਆਪਕਾਂ ਤੋਂ ਸੁਣਦੇ ਸੀ ਕਿ ਕਿਵੇਂ ਉਹ ਬਚਪਨ ਵਿੱਚ ਬੰਦੂਕਾਂ ਬੀਜਦਾ ਸੀ। ਕਿਵੇਂ ਉਸ ਨੇ ਲਾਲਾ ਲਾਜਪਤ ਰਾਏ ਦੀ ਸ਼ਹਾਦਤ ਲਈ ਜਿੰਮੇਵਾਰ ਸਮਝੇ ਜਾਂਦੇ ਅੰਗਰੇਜ਼ ਪੁਲਿਸ ਅਫਸਰ ਜੇਮਸ ਸਕਾਟ ਦੀ ਥਾਂ ਜੌਹਨ ਸਾਂਡਰਸ ਨੂੰ ਮਾਰ ਮੁਕਾਇਆ ਸੀ ਅਤੇ ਕੇਂਦਰੀ ਅਸੈਂਬਲੀ ਵਿੱਚ ਨਕਲੀ ਬੰਬ ਸੁੱਟ ਕੇ ਅੰਗਰੇਜ਼ ਸਰਕਾਰ ਦੇ ਬੋਲੇ ਕੰਨਾਂ ਵਿੱਚ ਇਨਕਲਾਬ ਜ਼ਿੰਦਾਬਾਦ ਦੇ ਨਾਹਰਿਆਂ ਰਾਹੀਂ ਇਹ ਆਵਾਜ਼ ਪਹੁੰਚਾਈ ਸੀ ਕਿ ਤੁਸੀਂ ਹੁਣ ਭਾਰਤ ਨੂੰ ਬਹੁਤੀ ਦੇਰ ਗੁਲਾਮ ਬਣਾ ਕੇ ਨਹੀਂ ਰੱਖ ਸਕਦੇ। ਇਹ ਵੀ ਕਿਧਰੇ ਪੜ੍ਹਿਆ ਜਾਂ ਸੁਣਿਆ ਸੀ ਕਿ ਸਰਦਾਰ ਭਗਤ ਸਿੰਘ ਨੇ ਕੁੱਝ ਸਮਾਂ ਇੱਕ ਅਧਿਆਪਕ ਵੱਜੋਂ ਪੜ੍ਹਾਇਆ ਵੀ ਸੀ। ਪਰ ਇਹ ਨਹੀਂ ਸੀ ਪਤਾ ਕਿ ਉਸ ਨੇ ਕਦੋਂ, ਕਿਸ ਜਗ੍ਹਾ, ਕਿਹਨਾਂ ਹਾਲਾਤਾਂ ਵਿੱਚ ਅਤੇ ਕਿੰਨੀ ਦੇਰ ਪੜ੍ਹਾਇਆ ਸੀ। ਇਹਨਾਂ ਸਵਾਲਾਂ ਦੇ ਜਵਾਬ ਜਾਂ ਸਰਦਾਰ ਭਗਤ ਸਿੰਘ ਦੀ ਜ਼ਿੰਦਗੀ ਦੇ ਇਸ ਪੱਖ ਬਾਰੇ ਜਾਣਕਾਰੀ ਸੌਖਿਆਂ ਉਪਲਬਧ ਨਹੀਂ। ਪਿਛਲੇ ਕੁੱਝ ਅਰਸੇ ਤੋਂ ਸਰਦਾਰ ਭਗਤ ਸਿੰਘ ਦੀ ਹੱਥ ਵਿੱਚ ਪਿਸਤੌਲ ਜਾਂ ਮੁੱਛ ਤੇ ਹੱਥ ਵਾਲੀ ਫੋਟੋ ਆਮ ਦੇਖਣ ਨੂੰ ਮਿਲ ਜਾਂਦੀ ਹੈ ਜਿਸ ਦੇ ਨਾਲ ਇਹ ਲਿਖਿਆ ਹੁੰਦਾ ਹੈ ਕਿ ਅੰਗਰੇਜ਼ ਖੰਘੇ ਸੀ ਤਾਂ ਹੀ ਟੰਗੇ ਸੀ।ਇਹ ਦੇਖ ਕੇ ਜਾਪਦਾ ਹੈ ਕਿ ਹੁਣ ਦੀ ਨੌਜਵਾਨ ਪੀੜ੍ਹੀ ਨੂੰ ਸਰਦਾਰ ਭਗਤ ਸਿੰਘ ਦੀ ਜ਼ਿੰਦਗੀ ਦੇ ਇੱਕ ਪੱਖ ਬਾਰੇ ਹੀ ਪਤਾ ਹੈ ਤੇ ਉਸਦੀ ਜ਼ਿੰਦਗੀ ਦੇ ਦੂਸਰੇ ਪੱਖ ਨੂੰ ਸਾਹਮਣੇ ਲਿਆਉਣਾ ਵੀ ਜਰੂਰੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਰਦਾਰ ਭਗਤ ਸਿੰਘ ਨੇ ਗੋਲੀਆਂ ਚਲਾਈਆਂ ਅਤੇ ਬੰਬ ਵੀ ਚਲਾਏ ਪਰ ਉਹ ਇੱਕ ਚੰਗਾ ਲੇਖਕ ਵੀ ਸੀ। ਸੋਲ਼ਾਂ ਸਾਲ ਦੀ ਉਮਰ ਵਿੱਚ ਭਗਤ ਸਿੰਘ ਨੇ ਕਾਲਜ ਪੜ੍ਹਦਿਆਂ ਪੰਜਾਬ ਦੀਆਂ ਸਮੱਸਿਆਵਾਂ ਬਾਰੇ ਲੇਖ ਲਿਖ ਕੇ ਲੇਖ ਮੁਕਾਬਲਾ ਜਿੱਤਿਆ ਸੀ। ਇਹ ਜਾਣਕਾਰੀ ਤਾਂ ਆਮ ਹੈ ਕਿ ਉਸਨੇ ਕਿਰਤੀ ਨਾਮ ਦੇ ਇੱਕ ਕ੍ਰਾਂਤੀਕਾਰੀ ਰਸਾਲੇ ਦੀ ਸੰਪਾਦਨਾ ਕੀਤੀ ਅਤੇ ਉਸ ਵਿੱਚ ਲੇਖ ਲੜੀਆਂ ਵੀ ਲਿਖੀਆਂ। ਉਹ ਅਖ਼ਬਾਰ ਵੀਰ ਅਰਜਨ ਲਈ ਵੀ ਨਾਮ ਬਦਲ ਕੇ ਲਿਖਦਾ ਰਿਹਾ। ਉਸ ਦੀ ਲਿਖਤ ਮੈਂ ਨਾਸਤਿਕ ਕਿਉਂ ਹਾਂ ਮਸ਼ਹੂਰ ਵੀ ਹੈ ਅਤੇ ਉਪਲਬਧ ਵੀ ਹੈ। ਪਰ ਇਹ ਜਾਣਕਾਰੀ ਆਮ ਉਪਲਬਧ ਨਹੀਂ ਕਿ ਸਰਦਾਰ ਭਗਤ ਸਿੰਘ ਇੱਕ ਅਧਿਆਪਕ ਵੱਜੋਂ ਵੀ ਵਿਚਰਿਆ ਸੀ। ਖੋਜ ਕਰਨ ਤੇ ਮੈਨੂੰ ਪਤਾ ਲੱਗਿਆ ਕਿ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਅਲੀਗੜ੍ਹ ਦੀ ਤਹਿਸੀਲ ਖੈਰ ਅਧੀਨ ਪੈਂਦੇ ਪਿੰਡ ਸ਼ਾਦੀਪੁਰ ਵਿੱਚ ਸਰਦਾਰ ਭਗਤ ਸਿੰਘ ਅਠਾਰਾਂ ਮਹੀਨੇ ਰੂਪੋਸ਼ ਰਿਹਾ ਸੀ ਤੇ ਉਸਨੇ ਉੱਥੇ ਬੱਚਿਆਂ ਨੂੰ ਪੜ੍ਹਾਇਆ ਵੀ ਸੀ। ਉੱਥੇ ਜਾ ਕੇ ਵਧੇਰੇ ਜਾਣਕਾਰੀ ਹਾਸਲ ਕਰਨ ਦੀ ਇੱਛਾ ਹੋਈ ਤਾਂ ਮੈਂ ਪੀ ਐਨ ਓ ਮੀਡੀਆ ਗਰੁੱਪ ਵਾਲੇ ਸੁਖਨੈਬ ਸਿੰਘ ਸਿੱਧੂ ਨਾਲ ਇਸ ਬਾਰੇ ਗੱਲ ਕੀਤੀ ਤੇ ਅਸੀਂ ਉੱਤਰ ਪ੍ਰਦੇਸ਼ ਦੇ ਪਿੰਡ ਸ਼ਾਦੀਪੁਰ ਜਾ ਪਹੁੰਚੇ। ਸਭ ਤੋਂ ਪਹਿਲਾਂ ਅਸੀਂ ਇੱਕ ਨੌਜਵਾਨ ਸੂਰਜ ਕੁਮਾਰ ਨੂੰ ਮਿਲੇ ਜਿਸ ਨੇ ਸਾਨੂੰ ਪਿੰਡ ਦੇ ਸੇਵਾਮੁਕਤ ਪੋਸਟ ਮਾਸਟਰ ਤਾਊ ਰੋਹਤਾਸ ਜੀ ਨੂੰ ਮਿਲਾਇਆ। ਉੱਥੋਂ ਦੇ ਲੋਕਾਂ ਵੱਲੋਂ ਸਾਡਾ ਨਿੱਘਾ ਸਵਾਗਤ ਕੀਤਾ ਗਿਆ। ਤਾਊ ਰੋਹਤਾਸ ਨੇ ਸਾਨੂੰ ਦੱਸਿਆ ਕਿ 1928 ਵਿੱਚ ਅੰਗਰੇਜ਼ ਪੁਲਿਸ ਅਫਸਰ ਜੌਹਨ ਸਾਂਡਰਸ ਨੂੰ ਮੌਤ ਦੇ ਘਾਟ ਉਤਾਰਨ ਤੋਂ ਬਾਅਦ ਜਦੋਂ ਭਗਤ ਸਿੰਘ ਭੇਸ ਬਦਲ ਕੇ ਛੁਪਦਾ ਹੋਇਆ ਕਾਨ੍ਹਪੁਰ ਪਹੁੰਚਿਆ ਤਾਂ ਉੱਥੇ ਉਸਦੇ ਕ੍ਰਾਂਤੀਕਾਰੀ ਸਾਥੀਆਂ ਨੇ ਸਲਾਹ ਮਸ਼ਵਰਾ ਕੀਤਾ ਕਿ ਭਗਤ ਸਿੰਘ ਦਾ ਕਾਨ੍ਹਪੁਰ ਰਹਿਣਾ ਖਤਰੇ ਤੋਂ ਖਾਲੀ ਨਹੀਂ। ਸੋ ਉਸਦਾ ਸਾਥੀ ਗਣੇਸ਼ ਸ਼ੰਕਰ ਵਿਦਿਆਰਥੀ ਭਗਤ ਸਿੰਘ ਨੂੰ ਨਾਲ ਲੈ ਕੇ ਅਲੀਗੜ੍ਹ ਹੁੰਦਾ ਹੋਇਆ ਇਸ ਪਿੰਡ ਸ਼ਾਦੀਪੁਰ ਵਿੱਚ ਠਾਕੁਰ ਟੋਡਰ ਸਿੰਘ ਦੀ ਰਿਹਾਇਸ਼ ਤੇ ਲੈ ਆਇਆ। ਠਾਕੁਰ ਟੋਡਰ ਸਿੰਘ ਚੰਗੀ ਜਾਇਦਾਦ ਵਾਲਾ ਇੱਕ ਅਮੀਰ ਜਿਮੀਂਦਾਰ ਸੀ। ਉਸ ਦੀ ਰਿਹਾਇਸ਼ ਵਾਲੀ ਇਮਾਰਤ ਕਾਫੀ ਵੱਡੀ ਅਤੇ ਪ੍ਰਭਾਵਸ਼ਾਲੀ ਸੀ ਜਿਸ ਨੂੰ ਗੜ੍ਹੀ ਕਿਹਾ ਜਾਂਦਾ ਸੀ। ਇਸ ਤੋਂ ਇਲਾਵਾ ਉਸ ਦੀਆਂ ਅਲੀਗੜ੍ਹ ਵਿੱਚ ਵੀ ਛੇ ਕੋਠੀਆਂ ਸਨ। ਠਾਕੁਰ ਟੋਡਰ ਸਿੰਘ ਕ੍ਰਾਂਤੀਕਾਰੀਆਂ ਦਾ ਹਮਾਇਤੀ ਸੀ। ਗਣੇਸ਼ ਸ਼ੰਕਰ ਵਿਦਿਆਰਥੀ ਨੇ ਠਾਕੁਰ ਟੋਡਰ ਸਿੰਘ ਨੂੰ ਭਗਤ ਸਿੰਘ ਬਾਰੇ ਦੱਸਿਆ ਤਾਂ ਉਸ ਨੇ ਭਗਤ ਸਿੰਘ ਨੂੰ ਸਿਰਫ ਪਨਾਹ ਹੀ ਨਹੀਂ ਦਿੱਤੀ ਸਗੋਂ ਆਪਣੇ ਬਾਗ ਵਿੱਚ ਬਣੀ ਇਮਾਰਤ ਉਸਨੂੰ ਰਹਿਣ ਲਈ ਦਿੱਤੀ ਤੇ ਉਸਨੂੰ ਸਲਾਹ ਦਿੱਤੀ ਕਿ ਉਹ ਉੱਥੇ ਪਿੰਡ ਦੇ ਬੱਚਿਆਂ ਨੂੰ ਪੜ੍ਹਾਇਆ ਵੀ ਕਰੇ। ਇਹ ਜਗ੍ਹਾ ਪਿੰਡ ਤੋਂ ਅੱਠ ਸੌ ਮੀਟਰ ਦੂਰ ਸੀ। ਭਗਤ ਸਿੰਘ ਨੇ ਉੱਥੇ ਆਪਣਾ ਨਾਮ ਬਦਲ ਕੇ ਬਲਵੰਤ ਸਿੰਘ ਕਰ ਲਿਆ ਸੀ। ਉਸ ਜਗ੍ਹਾ ਦੇ ਨੇੜੇ ਇੱਕ ਖੂਹ ਵੀ ਸੀ ਜਿਸ ਦੇ ਪਾਣੀ ਦੀ ਵਰਤੋਂ ਭਗਤ ਸਿੰਘ ਆਪਣੀਆਂ ਲੋੜਾਂ ਲਈ ਕਰਦਾ ਸੀ। ਭਗਤ ਸਿੰਘ ਉੱਥੇ ਕਸਰਤ ਵੀ ਕਰਦਾ ਸੀ ਅਤੇ ਪਿੰਡ ਦੇ ਨੌਜਵਾਨਾਂ ਨੂੰ ਕੁਸ਼ਤੀ ਵੀ ਸਿਖਾਉਂਦਾ ਸੀ। ਇਸ ਦੌਰਾਨ ਅੰਗਰੇਜ਼ ਹਕੂਮਤ ਨੂੰ ਭਗਤ ਸਿੰਘ ਦੇ ਇੱਥੇ ਹੋਣ ਬਾਰੇ ਸ਼ੱਕ ਵੀ ਹੋ ਗਿਆ ਸੀ ਤੇ ਪੁਲਿਸ ਨੇ ਪਿੰਡ ਦੀ ਤਲਾਸ਼ੀ ਵੀ ਲਈ ਪਰ ਭਗਤ ਸਿੰਘ ਨੂੰ ਲੱਭ ਨਹੀਂ ਸਕੀ। ਉੱਥੇ ਰਹਿੰਦਿਆਂ 18 ਮਹੀਨੇ ਬੀਤਣ ਤੋਂ ਬਾਅਦ ਭਗਤ ਸਿੰਘ ਨੇ ਪਿੰਡ ਵਾਲਿਆਂ ਨੂੰ ਕਿਹਾ ਕਿ ਮੇਰੀ ਮਾਂ ਬਿਮਾਰ ਹੈ ਇਸ ਕਰਕੇ ਮੈਂ ਆਪਣੇ ਪਿੰਡ ਜਾਣਾ ਚਾਹੁੰਦਾ ਹਾਂ ਤਾਂ ਠਾਕੁਰ ਟੋਡਰ ਸਿੰਘ ਨੇ ਭਗਤ ਸਿੰਘ ਨੂੰ ਖੁਰਜਾ ਜੰਕਸ਼ਨ ਭੇਜਣ ਲਈ ਟਾਂਗਾ ਤਿਆਰ ਕਰ ਦਿੱਤਾ। ਟਾਂਗੇ ਵਿੱਚ ਬੈਠ ਕੇ ਭਗਤ ਸਿੰਘ ਨੇ ਪਿੰਡ ਦੇ ਲੋਕਾਂ ਨੂੰ ਦੱਸ ਦਿੱਤਾ ਕਿ ਮੈਂ ਬਲਵੰਤ ਸਿੰਘ ਨਹੀਂ ਭਗਤ ਸਿੰਘ ਹਾਂ ਤੇ ਮੈਨੂੰ ਜਨਮ ਦੇਣ ਵਾਲੀ ਮਾਂ ਬਿਮਾਰ ਨਹੀਂ ਸਗੋਂ ਮੇਰੀ ਭਾਰਤ ਮਾਤਾ ਬਿਮਾਰ ਹੈ ਜਿਸ ਦੀ ਸੇਵਾ ਲਈ ਮੈਂ ਜਾਣਾ ਚਾਹੁੰਦਾ ਹਾਂ। ਜੇ ਮੈਂ ਜਿਉਂਦਾ ਰਿਹਾ ਤਾਂ ਦੁਬਾਰਾ ਫਿਰ ਇੱਥੇ ਆ ਕੇ ਸੇਵਾ ਕਰਾਂਗਾ। ਇਹ ਜਾਣ ਕੇ ਪਿੰਡ ਦੇ ਲੋਕ ਭਾਵੁਕ ਹੋ ਗਏ ਅਤੇ ਭਗਤ ਸਿੰਘ ਦੇ ਉੱਥੋਂ ਜਾਣ ਤੇ ਬਹੁਤ ਉਦਾਸ ਹੋਏ। ਵਾਪਸ ਜਾ ਕੇ ਭਗਤ ਸਿੰਘ ਫੇਰ ਕ੍ਰਾਂਤੀਕਾਰੀ ਗਤੀਵਿਧੀਆਂ ਵਿੱਚ ਸ਼ਾਮਿਲ ਹੋ ਗਿਆ ਤੇ ਕੌਮੀ ਅਸੈਂਬਲੀ ਵਿੱਚ ਬੰਬ ਸੁੱਟਣ ਤੋਂ ਬਾਅਦ ਉੱਥੇ ਹੀ ਗ੍ਰਿਫਤਾਰ ਹੋ ਗਿਆ ਅਤੇ ਇਨਕਲਾਬ ਜਿੰਦਾਬਾਦ ਦੇ ਨਾਅਰੇ ਲਾਉਂਦਾ ਹੋਇਆ 23 ਮਾਰਚ 1931 ਨੂੰ ਫਾਂਸੀ ਦੇ ਰੱਸੇ ਨੂੰ ਚੁੰਮ ਕੇ ਗਲ ਵਿੱਚ ਪਾ ਕੇ ਸ਼ਹੀਦੀ ਜਾਮ ਪੀ ਗਿਆ। ਪਿੰਡ ਸ਼ਾਦੀਪੁਰ ਦੇ ਹਰ ਘਰ ਵਿੱਚ ਸ਼ਹੀਦ ਭਗਤ ਸਿੰਘ ਦੀ ਫੋਟੋ ਲੱਗੀ ਹੋਈ ਹੈ ਅਤੇ ਹਰ ਉਮਰ ਅਤੇ ਵਰਗ ਦੇ ਵਾਸ਼ਿੰਦੇ ਨੂੰ ਭਗਤ ਸਿੰਘ ਅਤੇ ਉਸ ਦੀ ਕੁਰਬਾਨੀ ਬਾਰੇ ਜਾਣਕਾਰੀ ਹੈ। ਇਸ ਪਿੰਡ ਵਿੱਚ ਪਿਛਲੇ ਤੀਹ-ਬੱਤੀ ਸਾਲਾਂ ਤੋਂ ਹਰ ਸਾਲ 23 ਮਾਰਚ ਨੂੰ ਸ਼ਹੀਦ ਭਗਤ ਸਿੰਘ ਦਾ ਬਲੀਦਾਨ ਦਿਵਸ ਮਨਾਇਆ ਜਾਂਦਾ ਹੈ ਅਤੇ ਦੋ ਸਾਲਾਂ ਤੋਂ 27 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਵੀ ਮਨਾਇਆ ਜਾਣ ਲੱਗਿਆ ਹੈ। ਪਿੰਡ ਦੀ ਪੰਚਾਇਤ ਦੀ ਸੱਤ ਬਿੱਘੇ ਜਮੀਨ ਸ਼ਹੀਦ ਭਗਤ ਸਿੰਘ ਪਾਰਕ ਦੇ ਨਾਮ ਕਰਕੇ ਉਸ ਵਿੱਚ ਭਗਤ ਸਿੰਘ ਦਾ ਬੁੱਤ ਬਣਾਇਆ ਗਿਆ ਹੈ। ਜਿੱਥੇ ਭਗਤ ਸਿੰਘ ਬੱਚਿਆਂ ਨੂੰ ਪੜ੍ਹਾਉਂਦਾ ਰਿਹਾ ਉਹਨਾਂ ਕਮਰਿਆਂ ਦੀਆਂ ਹੁਣ ਸਿਰਫ਼ ਨੀਹਾਂ ਮੌਜੂਦ ਹਨ ਅਤੇ ਖੂਹ ਖਸਤਾ ਹਾਲਤ ਵਿੱਚ ਹੈ। ਉਹ ਤਿੰਨ ਬਿੱਘੇ ਜਗ੍ਹਾ ਭਾਵੇਂ ਹੁਣ ਪੰਚਾਇਤੀ ਹੈ ਪਰ ਲੋਕ ਉਸ ਨੂੰ ਪਾਥੀਆਂ ਅਤੇ ਤੂੜੀ ਰੱਖਣ ਲਈ ਵਰਤ ਰਹੇ ਹਨ। ਸ਼ਹੀਦ ਭਗਤ ਸਿੰਘ ਦੀ ਜ਼ਿੰਦਗੀ ਦੇ ਇਸ ਅਧਿਆਏ ਨੂੰ ਆਮ ਲੋਕਾਂ ਅਤੇ ਖਾਸ ਤੌਰ ਤੇ ਨੌਜਵਾਨਾਂ ਦੇ ਸਾਹਮਣੇ ਲਿਆਉਣਾ ਚਾਹੀਦਾ ਹੈ ਅਤੇ ਸਕੂਲਾਂ ਕਾਲਜਾਂ ਵਿੱਚ ਪੜ੍ਹਾਏ-ਲਿਖਾਏ ਜਾਂਦੇ ਸ਼ਹੀਦ ਭਗਤ ਸਿੰਘ ਦੇ ਲੇਖ ਵਿੱਚ ਵੀ ਇਹ ਪੱਖ ਦਰਜ ਹੋਣਾ ਚਾਹੀਦਾ ਹੈ। ਪਿੰਡ ਸ਼ਾਦੀਪੁਰ ਵਿੱਚ ਰਹਿੰਦੇ ਹੋਏ ਜਿਸ ਜਗ੍ਹਾ ਤੇ ਭਗਤ ਸਿੰਘ ਬੱਚਿਆਂ ਨੂੰ ਪੜ੍ਹਾਉਂਦੇ ਰਹੇ ਹਨ ਉੱਥੇ ਸ਼ਹੀਦ ਭਗਤ ਸਿੰਘ ਦੀ ਯਾਦ ਨੂੰ ਸਮਰਪਿਤ ਸਕੂਲ ਜਾਂ ਕਾਲਜ ਉਸਾਰਨਾ ਸਰਕਾਰ ਲਈ ਕੋਈ ਮੁਸ਼ਕਿਲ ਜਾਂ ਵੱਡਾ ਕਾਰਜ ਨਹੀਂ। ਇਸ ਦੇ ਨਾਲ ਹੀ ਠਾਕੁਰ ਟੋਡਰ ਸਿੰਘ ਦੀ ਯਾਦ ਨੂੰ ਸਮਰਪਿਤ ਵੀ ਕੋਈ ਹਸਪਤਾਲ ਵਗੈਰਾ ਉਸਾਰਿਆ ਜਾਣਾ ਚਾਹੀਦਾ ਹੈ।ਹੁਣ ਪਿੰਡ ਵਾਸੀਆਂ ਨੇ ਸ਼ਹੀਦ ਭਗਤ ਸਿੰਘ ਦੇ ਨਾਮ ਤੇ ਇੱਕ ਸੰਸਥਾ ਬਣਾ ਕੇ ਰਜਿਸਟਰ ਕਰਵਾਈ ਹੈ ਜਿਸ ਰਾਹੀਂ ਫੰਡ ਇਕੱਠਾ ਕਰਕੇ ਭਗਤ ਸਿੰਘ ਦੇ ਨਾਮ ਤੇ ਉਸੇ ਜਗ੍ਹਾ ਤੇ ਲੜਕੀਆਂ ਲਈ ਹਾਈ ਸਕੂਲ ਬਣਾਉਣ ਦਾ ਬੀੜਾ ਚੁੱਕਿਆ ਹੈ। ਇਸ ਵਾਰ ਉੱਥੇ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ 28 ਸਤੰਬਰ 2025 ਨੂੰ ਮਨਾਇਆ ਗਿਆ ਹੈ।



ਉਹਨਾਂ ਦੋ ਕਮਰਿਆਂ ਦੇ ਖੰਡਰ ਜਿੱਥੇ ਭਗਤ ਸਿੰਘ ਰਹਿੰਦਾ ਸੀ ਤੇ ਬੱਚਿਆਂ ਨੂੰ ਪੜ੍ਹਾਉਂਦਾ ਸੀ



ਖੂਹ ਜਿਸਦੇ ਪਾਣੀ ਦੀ ਵਰਤੋਂ ਕਰਦਾ ਸੀ

**ਬਹਾਦਰ ਸਿੰਘ ਰਾਓ**
+91 98723 09987
(ਰਿਟਾ: ਡੀ.ਐਸ.ਪੀ. ਪੰਜਾਬ ਪੁਲਿਸ)

# ਆਰਟੀ.ਫੀਸ਼ੀਅਲ ਇੰਟੈਲੀਜੈਂਸ ਚਾਰੇ ਪਾਸੇ ਹੋ ਰਹੀ ਹੈ ਮਸਨੂਈ ਬੁੱਧੀ ਦੀ ਚਰਚਾ



ਪ੍ਰੋ. ਕੁਲਬੀਰ ਸਿੰਘ


ਮਸਨੂਈ ਬੁੱਧੀ ਦਾ ਅਰਥ ਮਸ਼ੀਨਾਂ ਅੰਦਰ ਮਨੁੱਖ ਵਰਗੀ ਬੁੱਧੀ, ਸਮਝ ਜਾਂ ਬੌਧਿਕਤਾ ਦਾ ਵਿਕਾਸ ਕਰਨਾ ਹੈ। ਅਰਥਾਤ ਕੰਪਿਊਟਰ ਵਰਗੀਆਂ ਮਸ਼ੀਨਾਂ ਨੂੰ ਇਸ ਯੋਗ ਬਣਾਉਣਾ ਕਿ ਉਹ ਸਿੱਖ ਸਕਣ, ਸਮਝ ਸਕਣ, ਵਿਵੇਕ ਦੀ ਵਰਤੋਂ ਕਰ ਸਕਣ, ਸਮੱਸਿਆਵਾਂ ਨੂੰ ਸੁਲਝਾ ਸਕਣ, ਸਹਾਇਤਾ ਕਰ ਸਕਣ ਅਤੇ ਮਨੁੱਖਾਂ ਵਾਂਗ ਕੰਮ ਕਰ ਸਕਣ।ਏ ਆਈ (ਆਰਟੀਫ਼ਸ਼ੀਅਲ ਇੰਟੈਲੀਜੈਂਸ) ਨੂੰ ਪੰਜਾਬੀ ਵਿੱਚ 'ਮਸਨੂਈ ਬੁੱਧੀ' ਨਾਂ ਦਿੱਤਾ ਗਿਆ ਹੈ। ਇਸਦਾ ਅਰਥ ਹੈ ਮਨੁੱਖ ਦੁਆਰਾ ਬਣਾਈ ਗਈ, ਸਿਰਜੀ ਗਈ, ਵਿਕਸਤ ਕੀਤੀ ਗਈ ਮਸ਼ੀਨੀ ਬੁੱਧੀ।ਇਸਦੀ ਸਿਰਜਣਾ ਵੇਲੇ ਇਸ ਵਿੱਚ ਅਨੇਕਾਂ ਖੂਬੀਆਂ ਵਿਕਸਤ ਕੀਤੀਆਂ ਗਈਆਂ ਹਨ। ਇਹ ਡੇਟਾ ਤੋਂ ਸਿੱਖ ਸਕਦੇ ਹਨ ਅਤੇ ਆਪਣੇ ਪ੍ਰਦਰਸ਼ਨ, ਆਪਣੀ ਕਾਰਗਜਾਰੀ ਨੂੰ ਬਿਹਤਰ ਬਣਾ ਸਕਦੇ ਹਨ। ਇਹ ਸਮੱਸਿਆਵਾਂ ਨੂੰ ਸਮਝ ਸਕਦੇ ਹਨ, ਉਨ੍ਹਾਂ ਦਾ ਵਿਸ਼ਲੇਸ਼ਣ ਕਰ ਸਕਦੇ ਹਨ, ਪ੍ਰਤੀਕਰਮ ਦੇ ਸਕਦੇ ਹਨ ਅਤੇ ਉਨ੍ਹਾਂ ਦਾ ਹੱਲ ਕਰ ਸਕਦੇ ਹਨ। ਇਹ ਮਨੁੱਖ ਦੀ ਬੋਲੀ ਨੂੰ, ਭਾਸ਼ਾ ਨੂੰ ਸਮਝ ਕੇ ਉਸਦਾ ਜਵਾਬ ਦੇ ਸਕਦੇ ਹਨ। ਸਰੀਰਕ ਹਾਵ ਭਾਵ ਪ੍ਰਗਟਾ ਸਕਦੇ ਹਨ। ਮਸਨੂਈ ਬੁੱਧੀ ਵਿੱਚ ਇਹ ਸਮਰੱਥਾ ਹੁੰਦੀ ਹੈ ਕਿ ਇਹ ਆਮ, ਖ਼ਾਸ ਅਤੇ ਛੋਟੀਆਂ ਵੱਡੀਆਂ ਸਮੱਸਿਆਵਾਂ ਨੂੰ ਸਮਝ ਕੇ ਉਨ੍ਹਾਂ ਦਾ ਹੱਲ ਕਰ ਸਕੇ।ਇਹ ਡੇਟਾ ਅਤੇ ਜਾਣਕਾਰੀ ਦੇ ਆਧਾਰ 'ਤੇ ਫੈਸਲਾ ਲੈਣ ਦੇ ਵੀ ਸਮਰੱਥ ਹੁੰਦੀ ਹੈ। ਇਸਦੇ ਫ਼ਾਇਦਿਆਂ ਅਤੇ ਵਰਤੋਂ ਦੀ ਲੰਮੀ ਸੂਚੀ ਹੈ। ਇਹ ਬਿਨ੍ਹਾਂ ਡਰਾਈਵਰ ਤੋਂ ਕਾਰ ਚਲਾ ਸਕਦੀ ਹੈ। ਇਹ ਡਾਕਟਰ ਦੀ ਥਾਂ ਮਰੀਜ਼ਾਂ ਦਾ ਇਲਾਜ ਕਰ ਸਕਦੀ ਹੈ। ਆਰਥਿਕਤਾ ਦੇ ਖੇਤਰ ਵਿੱਚ ਵਿਵੇਕ ਦੇ ਆਧਾਰ 'ਤੇ ਇਹ ਧੋਖਾਧੜੀ ਤੋਂ ਬਚਾ ਸਕਦੀ ਹੈ। ਸਹੀ ਜਗ੍ਹਾ ਨਿਵੇਸ਼ ਕਰਨ ਵਿੱਚ ਸਹਾਇਤਾ ਕਰ ਸਕਦੀ ਹੈ। ਵਿਦਿਆਰਥੀਆਂ ਨੂੰ ਸਿੱਖਿਆ ਪ੍ਰਦਾਨ ਕੀਤੀ ਜਾ ਸਕਦੀ ਹੈ। ਤਸਵੀਰਾਂ ਬਣਾਈਆਂ ਜਾ ਸਕਦੀਆਂ ਹਨ। ਮਨੋਰੰਜਨ ਸਮੱਗਰੀ ਤਿਆਰ ਕੀਤੀ ਜਾ ਸਕਦੀ ਹੈ।ਏ ਆਈ ਇੱਕ ਪਰਿਵਰਤਨਕਾਰੀ ਤਕਨੀਕ ਹੈ ਜਿਹੜੀ ਮਸ਼ੀਨਾਂ ਨੂੰ ਮਨੁੱਖ ਵਾਂਗ ਸਮੱਸਿਆਵਾਂ ਦੇ ਹੱਲ ਕਰਨ ਦੇ ਸਮਰੱਥ ਬਣਾਉਂਦੀ ਹੈ। ਤਸਵੀਰਾਂ ਨੂੰ ਪਛਾਨਣ ਅਤੇ ਸਿਰਜਣਾਤਮਕ ਸਮੱਗਰੀ ਤਿਆਰ ਕਰਨ ਦੇ ਨਾਲ ਨਾਲ ਡੇਟਾ ਅਧਾਰਿਤ ਭਵਿੱਖਬਾਣਾਂ ਕਰਨ ਅਤੇ ਵਿਸ਼ਾਲ ਪੱਧਰ 'ਤੇ ਬਿਹਤਰ ਫੈਸਲੇ ਲੈਣ ਦੇ ਕਾਬਲ ਬਣਾਉਂਦੀ ਹੈ।ਇਸਨੂੰ ਤਿੰਨ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ। ਪਹਿਲੀ ਸੰਕੀਰਨ ਅਰਥਾਤ ਕਮਜ਼ੋਰ ਏ ਆਈ। ਇਸਨੂੰ ਕੇਵਲ ਇੱਕ ਜਾਂ ਕੁੱਝ ਇੱਕ ਕੰਮ ਕਰਨ ਲਈ ਹੀ ਡਿਜ਼ਾਈਨ ਕੀਤਾ ਜਾਂਦਾ ਹੈ। ਉਸ ਕੰਮ ਤੋਂ ਇਲਾਵਾ ਇਹ ਕੋਈ ਹੋਰ ਕੰਮ ਨਹੀਂ ਕਰ ਸਕਦੀ। ਦੂਸਰੀ ਕਿਸਮ ਜਨਰਲ ਏ ਆਈ। ਇਸ ਵਿੱਚ ਮਨੁੱਖੀ ਬੁੱਧੀ ਵਾਂਗ ਪ੍ਰਦਰਸ਼ਨ ਕਰਨ ਦੀ ਸਮਰੱਥਾ ਹੁੰਦੀ ਹੈ। ਇਹ ਉਹ ਬੌਧਿਕ ਕੰਮ ਕਰ ਸਕਦੀ ਹੈ ਜਿਹੜਾ ਮਨੁੱਖ ਕਰ ਸਕਦਾ ਹੈ। ਇਸਨੂੰ ਮਜਬੂਤ ਏਆਈ ਵੀ ਕਿਹਾ ਜਾਂਦਾ ਹੈ। ਤੀਸਰੀ ਕਿਸਮ ਸੁਪਰ ਏਆਈ ਹੈ। ਇਹ ਮਨੁੱਖੀ ਬੁੱਧੀ ਤੋਂ ਵੀ ਸਿਹਤਰ ਹੈ ਅਤੇ ਕਿਸੇ ਵੀ ਬੌਧਿਕ ਕਾਰਜ ਨੂੰ ਕਰਨ ਦੇ ਕਾਬਲ ਹੈ ਜਿਨ੍ਹਾਂ ਵਿੱਚ ਸਮੱਸਿਆ ਦਾ ਹੱਲ, ਫੈਸਲੇ ਲੈਣਾ ਅਤੇ ਸਿਰਜਣਾਤਮਿਕਤਾ ਸ਼ਾਮਲ ਹਨ।ਬੇਸ਼ੱਕ ਏ ਆਈ ਦਾ ਬੋਲ ਬਾਲਾ ਬੜੀ ਦੇਰ ਬਾਅਦ ਆਰੰਭ ਹੋਇਆ ਪਰ ਇਸਦੀ ਸ਼ੁਰੂਆਤ 1950 ਦੇ ਦਹਾਕੇ ਵਿੱਚ ਹੀ ਹੋ ਗਈ ਸੀ। ਜਦੋਂ ਵਿਗਿਆਨੀਆਂ ਨੇ ਇਹ ਸੋਚਣਾ ਸ਼ੁਰੂ ਕੀਤਾ ਕਿ ਕੀ ਮਸ਼ੀਨਾਂ ਮਨੁੱਖ ਵਾਂਗ ਸੋਚ ਸਕਦੀਆਂ ਹਨ, ਮਨੁੱਖ ਵਾਂਗ ਕੰਮ ਕਰ ਸਕਦੀਆਂ ਹਨ? ਏ ਆਈ ਸ਼ਬਦ ਦਾ ਪ੍ਰਯੋਗ ਪਹਿਲੀ ਵਾਰ 1956 ਵਿੱਚ ਕੀਤਾ ਗਿਆ।1980 ਦੇ ਦਹਾਕੇ ਵਿੱਚ ਏ ਆਈ ਨੇ ਵਿੱਤ ਸੇਵਾ ਉਦਯੋਗ ਵਿੱਚ ਆਪਣੀ ਮੌਜੂਦਗੀ ਦਰਜ ਕਰਵਾਈ। ਜਦ 1990 ਦੇ ਦਹਾਕੇ ਦੇ ਅਖ਼ੀਰ ਵਿੱਚ ਇੰਟਰਨੈਟ ਤਹਿਤ ਡੇਟਾ ਦਾ ਵਿਸਫੋਟ ਹੋਇਆ ਤਾਂ ਇਸਨੇ ਏ ਆਈ ਕਾਰਜ-ਪ੍ਰਣਾਲੀ ਨੂੰ ਵੱਡਾ ਹੁਲਾਰਾ ਦਿੱਤਾ। ਸਾਲ 2000 ਦੇ ਦਹਾਕੇ ਦੌਰਾਨ ਡੀਪ ਲਰਨਿੰਗ ਜਿਹਾ ਗੁੰਝਲਦਾਰ ਏ ਆਈ ਮਾਡਲ ਹੋਂਦ ਵਿੱਚ ਆਇਆ। 2000 ਤੋਂ ਬਾਅਦ ਵੱਖ ਵੱਖ ਮੁਲਕਾਂ ਨੇ ਇਸ ਖੇਤਰ ਵਿੱਚ ਤੇਜ਼ੀ ਨਾਲ ਕੰਮ ਕੀਤਾ ਅਤੇ ਆਪਸ ਵਿੱਚ ਇੱਕ ਮੁਕਾਬਲਾ ਆਰੰਭ ਹੋ ਗਿਆ। ਅੰਤਰਰਾਸ਼ਟਰੀ ਕਾਨਫਰੰਸਾਂ ਵਿੱਚ ਚੀਨ ? ਜਪਾਨ, ਅਮਰੀਕਾ, ਇੰਗਲੈਂਡ, ਕੈਨੇਡਾ, ਜਰਮਨੀ, ਫ਼ਰਾਂਸ, ਸਵੀਡਨ, ਇਜ਼ਰਾਈਲ, ਆਸਟਰੇਲੀਆ, ਸਾਊਥ ਕੋਰੀਆ ਜਿਹੇ ਮੁਲਕ ਏ ਆਈ ਖੇਤਰ ਵਿੱਚ ਆਪਣੀਆਂ ਲੱਭਤਾਂ ਤੇ ਪ੍ਰਾਪਤੀਆਂ ਦਾ ਪ੍ਰਦਰਸ਼ਨ ਕਰਕੇ ਦੁਨੀਆਂ ਦਾ ਧਿਆਨ ਖਿੱਚਣ ਲੱਗੇ।ਜਦ ਚੀਨ ਨੇ ਨਕਲੀ ਨਿਊਜ਼ ਰੀਡਰ ਟੈਲੀਵਿਜ਼ਨ ਸਕਰੀਨ 'ਤੇ ਖ਼ਬਰਾਂ ਪੜ੍ਹਨ ਲਈ ਪੇਸ਼ ਕਰ ਦਿੱਤੇ ਜਿਹੜੇ ਨਾ ਅੱਕਦੇ ਸਨ ਨਾ ਥੱਕਦੇ ਸਨ ਅਤੇ ਬਿਲਕੁਲ ਅਸਲੀ ਦਾ ਭੁਲੇਖਾ ਪਾਉਂਦੇ ਸਨ ਤਾਂ ਦੁਨੀਆਂ ਹੱਕੀ ਬੱਕੀ ਰਹਿ ਗਈ। ਇਸ ਖੇਤਰ ਵਿੱਚ ਜਿਵੇਂ ਭੂਚਾਲ ਆ ਗਿਆ। ਤਦ ਤੋਂ ਮਸਨੂਈ ਬੁੱਧੀ (ਏ ਆਈ) ਸੰਸਾਰ ਪੱਧਰ 'ਤੇ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਇਸਦੇ ਨਫ਼ੇ ਨੁਕਸਾਨ ਵਿਚਾਰੇ ਜਾ ਰਹੇ ਹਨ। ਆਪੋ ਆਪਣੀ ਭਾਸ਼ਾ ਵਿੱਚ ਇਸਦੇ ਪ੍ਰਯੋਗ 'ਤੇ ਸਭ ਦਾ ਧਿਆਨ ਲੱਗਾ ਹੋਇਆ ਹੈ। ਪੰਜਾਬੀ ਭਾਸ਼ਾ ਵਿੱਚ ਇਸਦੀ ਵਰਤੋਂ 'ਤੇ ਵੀ ਲਗਾਤਾਰ ਵਿਚਾਰ-ਵਿਟਾਂਦਰਾ ਜਾਰੀ ਹੈ। ਏ ਆਈ ਨਾਲ ਅੱਖਰਾਂ ਨੂੰ, ਤਸਵੀਰਾਂ ਨੂੰ, ਡਿਜ਼ਾਇਨਾਂ ਨੂੰ ਨਵੀਂ ਨਵੀਂ ਦਿੱਖ, ਨਵੇਂ ਨਵੇਂ ਆਕਾਰ, ਨਵੀਂ ਨਵੀਂ ਗਹਿਰਾਈ ਦਿੱਤੀ ਜਾ ਰਹੀ ਹੈ।ਇਸਦੀ ਕਿਸਮ ਅਤੇ ਵੰਨਗੀ ਤੁਹਾਡੀਆਂ ਲੋੜਾਂ ਅਤੇ ਵਰਤੋਂ 'ਤੇ ਨਿਰਭਰ ਕਰਦੀ ਹੈ। ਵੱਖ ਵੱਖ ਮਾਡਲ ਵੱਖ ਵੱਖ ਕਾਰਜਾਂ ਲਈ ਢੁੱਕਵੇਂ ਹੁੰਦੇ ਹਨ। ਜਿਵੇਂ ਚਰਚਿਤ ਅਤੇ ਸ਼ਕਤੀਸ਼ਾਲੀ ਮਾਡਲਾਂ ਵਿੱਚ Chat GPT, Gemini, Grok, Copilot ਅਤੇ Preplexity ਆਦਿ ਆਉਂਦੇ ਹਨ।

Chat GPT ਸ਼ਕਤੀਸ਼ਾਲੀ ਭਾਸ਼ਾ ਮਾਡਲ ਹੈ। ਇਹ ਵਿਸ਼ਾ-ਸਮੱਗਰੀ ਤਿਆਰ ਕਰਨ, ਪ੍ਰਸ਼ਨਾਂ ਦੇ ਉੱਤਰ ਦੇਣ ਅਤੇ ਜੁਦਾ ਜੁਦਾ ਸਿਰਜਣਾਤਮਕ ਕਾਰਜਾਂ ਵਿੱਚ ਸਹਾਇਤਾ ਕਰ ਸਕਦਾ ਹੈ। ਗੂਗਲ ਦੁਆਰਾ ਵਿਕਸਤ ਕੀਤਾ ਗਿਆ ਏ ਆਈ ਮਾਡਲ Gemini ਬਹੁਪੱਖੀ ਹੈ। ਇਹ ਸਮੱਗਰੀ, ਤਸਵੀਰ ਅਤੇ ਆਡੀਓ ਸਮੇਤ ਵੱਖ ਵੱਖ ਭਾਂਤ ਦੇ ਡੇਟਾ ਨੂੰ ਸਮਝ ਸਕਦਾ ਹੈ।

ਮਾਈਕਰੋਸਾਫ਼ਟ ਦੁਆਰਾ ਵਿਕਸਤ Copilot ਏ ਆਈ ਦਾ ਅਜਿਹਾ ਮਾਡਲ ਹੈ ਜਿਹੜਾ ਕੋਡਿੰਗ ਅਤੇ ਲੇਖਨ ਸਮੇਤ ਕਈ ਹੋਰ ਕਾਰਜਾਂ ਵਿੱਚ ਸਹਾਇਕ ਹੋ ਸਕਦਾ ਹੈ।ਐਕਸ ਏ ਆਈ ਦੁਆਰਾ ਬਣਾਇਆ Grok ਇੱਕ ਅਜਿਹਾ ਮਾਡਲ ਹੈ ਜਿਹੜਾ ਵਿਵੇਕ, ਵਿਸ਼ਾ-ਸਮੱਗਰੀ ਨਿਰਮਾਣ ਅਤੇ ਪ੍ਰਸੰਗਿਕ ਸੂਝ-ਸਮਝ 'ਤੇ ਕੇਂਦਰਿਤ ਹੈ।Perplexity ਇੱਕ ਖੋਜ ਅਧਾਰਿਤ ਮਾਡਲ ਹੈ। ਇਹ ਗੂਗਲ, ਬਿੰਗ ਆਦਿ ਸਰੋਤਾਂ ਤੋਂ ਜਾਣਕਾਰੀ ਹਾਸਲ ਕਰਕੇ, ਉਸਨੂੰ ਇਕੱਠਾ ਕਰਕੇ ਪੇਸ਼ ਕਰਨ ਦੇ ਸਮਰੱਥ ਹੈ।ਇਸੇ ਤਰ੍ਹਾਂ Synthesia, Deep Seek, Contant Shake, Wisper Flow, Winston, Cleo ਕੁੱਝ ਹੋਰ ਏ ਆਈ ਮਾਡਲ ਹਨ ਜਿਹੜੇ ਵੱਖ ਵੱਖ ਵਿਸ਼ੇਸ਼ਤਾਵਾਂ ਨਾਲ ਲੈਸ ਹਨ। ਜਿਵੇਂ ਪਹਿਲਾ ਵੀਡੀਓ ਨਿਰਮਾਣ ਲਈ, ਦੂਸਰਾ ਬਹੁਭਾਸ਼ੀ ਅਤੇ ਸਸਤਾ, ਚੌਥਾ ਆਵਾਜ਼ ਡਿਕਟੇਸ਼ਨ ਟੂਲ, ਪੰਜਵਾਂ ਜਨਰੇਟਡ ਸਮੱਗਰੀ ਦਾ ਪਤਾ ਲਗਾਉਣ ਲਈ ਅਤੇ ਛੇਵਾਂ ਵਿੱਤੀ ਪ੍ਰਬੰਧ ਅਤੇ ਬੱਜਟ ਲਈ ਸਹਾਇਤ ਹੈ।ਸਮਝਣ ਵਾਲੀ ਗੱਲ ਇਹ ਹੈ ਕਿ ਏ ਆਈ ਜਗਤ ਵਿੱਚ ਨਿੱਤ ਖੋਜ-ਕਾਰਜ ਹੋ ਰਹੇ ਹਨ। ਨਵੇਂ ਨਵੇਂ ਮਾਡਲ ਆ ਰਹੇ ਹਨ ਪਰੰਤੂ ਸਭ ਤੋਂ ਬਿਹਤਰ, ਸਭ ਤੋਂ ਚੰਗਾ, ਸਭ ਤੋਂ ਕਾਰਗਰ ਏ ਆਈ ਉਹ ਹੈ ਜਿਹੜਾ ਤੁਹਾਡੀਆਂ ਲੋੜਾਂ ਅਨੁਸਾਰ ਹੋਵੇ।ਏ ਆਈ ਦੇ ਵੱਖ ਵੱਖ ਲਾਭਦਾਇੱਕ ਨੁਕਸਾਨਦਾਇੱਕ ਪਹਿਲੂ ਹਨ। ਇਸ ਨਾਲ ਕੰਮ ਸਪੀਡ ਨਾਲ ਹੁੰਦਾ ਹੈ। ਕੰਮ ਵਿੱਚ ਸਟੀਕਤਾ ਆਉਂਦੀ ਹੈ। ਇਹ ਲਗਾਤਾਰ ਬਿਨ੍ਹਾਂ ਰੁਕੇ, ਬਿਨ੍ਹਾਂ ਅੱਕੇ ਥੱਕੇ ਕੰਮ ਕਰ ਸਕਦਾ ਹੈ ਪਰ ਇਸ ਨਾਲ ਰੋਜ਼ਗਾਰ ਵਿੱਚ ਕਮੀ ਆਏਗੀ। ਤਕਨੀਕ ਅਤੇ ਮਸ਼ੀਨ 'ਤੇ ਨਿਰਭਰਤਾ ਵਧੇਗੀ। ਨੈਤਿਕ ਸਮੱਸਿਆਵਾਂ ਆਉਣਗੀਆਂ।

ਏ ਆਈ ਦਾ ਮੁਖ ਉਦੇਸ਼ ਕੰਪਿਊਟਰ ਨੂੰ ਵੱਧ ਤੋਂ ਵੱਧ ਬੌਧਿ ਕਾਰਜ ਕਰਨ ਦੇ ਸਮਰੱਥ ਬਣਾਉਣਾ ਹੈ। ਇਸਨੂੰ ਸਭ ਤੋਂ ਪਹਿਲਾਂ ਅਮਰੀਕਾ ਦੀ ਕੰਪਨੀ OPEN 19 ਨੇ ਬਣਾਇਆ। ਇਸ ਕੰਪਨੀ ਦੇ ਮਾਲਕ ਸਾਮ ਐਲਟਮਨ ਹਨ।ਸਟੈਨਫੋਰਡ ਯੂਨੀਵਰਸਿਟੀ ਦੇ ਕੰਪਿਊਟਰ ਵਿਗਿਆਨੀ ਜਾਨ ਮੈਕਾਰਥੀ ਨੂੰ ਅਮਰੀਕਾ ਵਿੱਚ ਏ ਆਈ ਦਾ ਪਿਤਾਮਾ ਮੰਨਿਆ ਜਾਂਦਾ ਹੈ।ਏ ਆਈ ਐਪ ਇੱਕ ਅਜਿਹੀ ਐਪਲੀਕੇਸ਼ਨ ਹੈ ਜੋ ਮਸਨੂਈ ਬੁੱਧੀ ਦਾ ਉਪਯੋਗ ਕਰਕੇ ਵੱਖ ਵੱਖ ਕਾਰਜਾਂ ਨੂੰ ਕਰਨ ਦੇ ਸਮਰੱਥ ਹੁੰਦੀ ਹੈ। ਇਹ ਐਪ ਮਨੁੱਖੀ ਬੁੱਧੀ ਦੀ ਨਕਲ ਕਰਨ ਲਈ ਡਿਜ਼ਾਈਨ ਕੀਤੇ ਗਏ ਹਨ। ਇਨ੍ਹਾਂ ਦੀ ਵਰਤੋਂ ਲਗਾਤਾਰ ਵਧ ਰਹੀ ਹੈ ਜਿਸ ਨਾਲ ਤਰ੍ਹਾਂ ਤਰ੍ਹਾਂ ਦੀਆਂ ਸਹੂਲਤਾਂ ਮਿਲਣ ਦੇ ਨਾਲ ਮਨੁੱਖੀ ਜੀਵਨ ਪ੍ਰਭਾਵਤ ਹੋ ਰਿਹਾ ਹੈ।ਮੋਬਾਈਲ ਫੋਨ ਵਿੱਚ ਇਨ੍ਹਾਂ ਦੀ ਮੌਜੂਦਗੀ ਦਾ ਅਰਥ ਹੈ ਕਿ ਇਹ ਏ ਆਈ ਤਕਨੀਕ ਦੀ ਵਰਤੋਂ ਕਰਕੇ ਫੋਨ ਦਾ ਪ੍ਰਯੋਗ ਕਰਨ ਵਾਲੇ ਦੇ ਅਨੁਭਵ ਨੂੰ ਬਿਹਤਰ ਬਣਾਉਂਦੇ ਹਨ। ਫੋਨ ਨੂੰ ਸਿੱਖਣ, ਏ ਆਈ ਤਕਨੀਕ ਨੂੰ ਵਰਤਣ ਦੇ ਸਮਰੱਥ ਬਣਾਉਂਦੇ ਹਨ।ਏ ਆਈ ਤਕਨੀਕ ਨਾਲ ਫੋਨ ਕੈਮਰੇ ਦੀ ਬਿਹਤਰ ਵਰਤੋਂ ਕਰ ਸਕਦਾ ਹੈ। ਤਸਵੀਰ ਦੀ ਗੁਣਵਤਾ ਵਧਾ ਸਕਦਾ ਹੈ। ਸਿਰੀ, ਗੂਗਲ ਅਤੇ ਅਲੈਕਸਾ ਜਿਹੇ ਆਵਾਜ਼ ਅਸਿਸਟੈਂਟ ਦੀ ਵਰਤੋਂ ਕਰਕੇ ਸਹਾਇੱਕ ਹੋ ਸਕਦਾ ਹੈ।ਤੁਰੰਤ ਭਾਸ਼ਾ ਅਨੁਵਾਦ ਦੀ ਸਹੂਲਤ ਮੁਹੱਈਆ ਕਰਦਾ ਹੈ। ਤੁਹਾਡੀਆਂ ਲੋੜਾਂ ਅਨੁਸਾਰ, ਵਰਤੋਂ ਅਨੁਸਾਰ ਪ੍ਰਸੰਗਿਕ ਸਮੱਗਰੀ, ਐਪ ਅਤੇ ਹੋਰ ਸਿਫਾਰਸ਼ਾਂ ਕਰਦਾ ਹੈ। ਸਰੱਖਿਆ ਲਈ ਬਿਹਤਰ ਡਿਵਾਈਸ ਦਾ ਸੁਝਾ ਦਿੰਦਾ ਹੈ। ਤੁਹਾਡੀ ਇਨਪੁਟ ਦੇ ਆਧਾਰ 'ਤੇ ਸਮਾਰਟ ਪ੍ਰਤੀਕਿਰਿਆਵਾਂ ਪ੍ਰਦਾਨ ਕਰ ਸਕਦਾ ਹੈ। ਦੂਸਰੇ ਪਾਸੇ ਰੋਜ਼ਗਾਰ, ਨਿੱਜਤਾ, ਦੁਰਵਰਤੋਂ, ਸਮਾਜਕ ਅਸਮਾਨਤਾ ਅਤੇ ਨੈਤਿਕਤਾ ਜਿਹੀਆਂ ਚਿੰਤਾਵਾਂ ਵੀ ਏ ਆਈ ਦੀ ਵੱਧਦੀ ਵਰਤੋਂ ਨਾਲ ਜੁੜੀਆਂ ਹੋਈਆਂ ਹਨ। ਇਸ ਸਮੇਂ ਸੰਸਾਰ ਵਿੱਚ 78 ਤੋਂ ਵਧੇਰੇ ਕੰਪਨੀਆਂ ਏ ਆਈ 'ਤੇ ਕੰਮ ਕਰ ਰਹੀਆਂ ਹਨ ਤਾਂ ਜੋ ਵੱਖ ਵੱਖ ਉਦਯੋਗਾਂ ਦੀ ਕਾਰਜ-ਪ੍ਰਣਾਲੀ ਵਿੱਚ ਤਬਦੀਲੀਆਂ ਨੂੰ ਸੰਭਵ ਬਣਾਇਆ ਜਾ ਸਕੇ। ਇਨ੍ਹਾਂ ਵਿਚੋਂ ਗੂਗਲ, ਅਮੇਜਨ, ਐਪਲ, ਮਾਈਕਰੋਸਾਫ਼ਟ ਜਿਹੀਆਂ ਕੰਪਨੀਆਂ ਪ੍ਰਮੁੱਖ ਹਨ। ਵੱਖ ਵੱਖ ਮੁਲਕਾਂ ਦੀਆਂ ਇਹ ਕੰਪਨੀਆਂ ਅਤੇ ਵੱਖ ਵੱਖ ਮੁਲਕ ਇੱਕ ਦੂਸਰੇ ਤੋਂ ਅੱਗੇ ਲੰਘਣ ਲਈ ਯਤਨਸ਼ੀਲ ਹਨ।

# ਮਸਜਿਦ ਨਹੀਂ ਸਕੂਲ ਹਸਪਤਾਲ ਬਣਾਉਣਾ ਚਾਹੁੰਦੇ ਹਨ, ਇਬਰਾਹਿਮ ਤਰੋਰੇ



ਸਵਰਨ ਧਾਲੀਵਲ
1 587 581 7472

35 ਸਾਲਾ ਨੌਜਵਾਨ ਰਾਸ਼ਟਰਪਤੀ ਇਬਰਾਹਿਮ ਤਰੋਰੇ ਜੋ ਬੁਰਕੀਆਂ ਫਾਸੋ ਨਾ ਦੇ ਦੇਸ਼ ਦੇ ਰਾਸ਼ਟਰਪਤੀ ਹਨ। ਅਪਣੇ ਲੋਕ ਪੱਖੀ ਫੈਸਲਿਆਂ ਕਾਰਣ ਪੂਰੀ ਦੁਨੀਆ ਵਿੱਚ ਚਰਚਾ ਵਿੱਚ ਹਨ। ਸਾਊਦੀ ਅਰਬ ਵੱਲੋ ਇਸ ਦੇਸ਼ ਵਿੱਚ 200 ਮਸਜਿਦਾਂ ਬਣਾਉਣ ਦਾ ਆਫਰ ਦਿੱਤਾ ਗਿਆ। ਇਸ ਨੌਜਵਾਨ ਰਾਸ਼ਟਰਪਤੀ ਨੇ ਇਹ ਪੇਸ਼ਕਸ਼ ਠੁਕਰਾ ਦਿੱਤੀ। ਉਹਨਾਂ ਸਾਊਦੀ ਅਰਬ ਦੀ ਹਕੂਮਤ ਨੂੰ ਸਾਫ, ਸਾਫ਼ ਲਫਜ਼ਾਂ ਵਿੱਚ ਕਿਹਾ ਕਿ ਮੇਰੇ ਦੇਸ਼ ਨੂੰ ਮਸਜਿਦ ਨਹੀਂ ਸਕੂਲ, ਹਸਪਤਾਲ, ਰੁਜ਼ਗਾਰ ਦੀ ਲੋੜ ਹੈ। ਅਗਰ ਸਾਊਦੀ ਹਕੂਮਤ ਸਾਡੀ ਮੱਦਦ ਕਰਨਾ ਚਾਹੁੰਦੀ ਹੈ ਤਾਂ ਸਕੂਲ, ਹਸਪਤਾਲ ਬਣਾ ਕੇ ਕਰੇ। 27,28,ਜੁਲਾਈ 2023 ਨੂੰ ਰੂਸ ਵਿੱਚ ਰੂਸ ਅਫ਼ਰੀਕਾ ਸਿਖਰ ਸੰਮੇਲਨ ਹੋਇਆ, ਇਸ ਸਿਖਰ ਸੰਮੇਲਨ ਵਿੱਚ 17 ਦੇਸ਼ਾਂ ਦੇ ਮੁਖੀ ਸ਼ਾਮਿਲ ਹੋਏ ਸਨ। ਜਿੰਨਾ ਵਿੱਚੋਂ ਅਬਰਾਹੀਮ ਤਰੋਰੇ ਇੱਕ ਸਨ ਜੋ ਇੱਕ ਸਾਲ ਪਹਿਲਾ ਫ਼ੌਜੀ ਤਖਤਾ ਪਲਟਕੇ ਸੱਤਾ ਵਿੱਚ ਆਇਆ ਸੀ। ਜਦੋਂ ਸਿਖਰ ਸੰਮੇਲਨ ਵਿੱਚ ਬੋਲਣ ਦਾ ਸਮਾ ਆਇਆ ਤਾਂ ਉਸ ਨੇ ਉੱਥੇ ਮੌਜੂਦ ਅਫ਼ਰੀਕਾ ਦੇ ਹੁਕਮਰਾਨਾ ਨੂੰ ਕਿਹਾ ਕਿ ਤੁਸੀਂ ਸਾਮਰਾਜੀਆਂ ਦੀ ਕੱਠਪੁਤਲੀ ਬਣਨਾ ਬੰਦ ਕਰੋ। ਆਪਣੇ ਦੇਸ਼ਾਂ ਦੇ ਹਿਤਾਂ ਦੀ ਰਾਖੀ ਕਰੋ। ਤਰੋਰੇ ਨੇ ਪੱਛਮੀ ਦੇਸ਼ਾਂ ਦੀ ਅਫ਼ਰੀਕੀ ਦੇਸ਼ਾਂ ਦੀ ਲੁੱਟ ਘਸੁੱਟ ਕਰਨ ਕਾਰਨ ਅਲੋਚਨਾ ਕੀਤੀ।ਅਫਰੀਕੀ ਦੇਸ਼ ਕੁਦਰਤੀ ਸਾਧਨਾਂ ਦਾ ਖਜ਼ਾਨਾ ਹਨ। ਜੇਕਰ ਇਹ ਦੇਸ਼ ਲੁੱਟ ਘਸੁੱਟ ਮੁਕਤ ਹੋ ਕੇ ਇੰਨਾਂ ਦੀ ਵਰਤੋਂ ਕਰਨ ਤਾਂ ਅਫਰੀਕੀ ਦੇਸ਼ ਅਪਣੇ ਲੋਕਾਂ ਨੂੰ ਸਿਹਤ ਸਿੱਖਿਆ, ਅਤੇ ਰੁਜ਼ਗਾਰ ਸਰਕਾਰੀ ਨੌਕਰੀਆਂ ਵੱਡੀ ਗਿਣਤੀ ਵਿੱਚ ਮੁਹੱਇਆ ਕਰਾਉਣ ਵਿੱਚ ਕਾਮਯਾਬ ਹੋ ਸਕਦੇ ਹਨ। ਫਰਾਂਸ ਜੋ ਕਿ ਦੇਸ਼ ਦੇ ਕੁਦਰਤੀ ਸਾਧਨਾ ਦੀ ਲੁੱਟ ਕਰ ਰਿਹਾ ਸੀ, ਨੂੰ ਰਾਸ਼ਟਰਪਤੀ ਤਰੋਰੇ ਨੇ ਫ਼ਰਾਂਸੀਸੀ ਲੁਟੇਰਿਆਂ ਨੂੰ ਦੇਸ਼ ਵਿੱਚੋਂ ਬਾਹਰ ਕੱਢ ਦਿੱਤਾ। ਉਹਨਾਂ ਨੇ ਸੋਨੇ ਦੀਆ ਖਾਣਾ ਦਾ ਕੌਮੀਕਰਨ ਕਰ ਕੇ ਸਾਰਕਾਰੀ ਕਬਜ਼ੇ ਵਿੱਚ ਲੈ ਲਿਆ ਅਤੇ ਹੋਰ ਵੀ ਲੋਕ ਪੱਖੀ ਫੈਸਲਾ ਲਏ ਅਤੇ ਸਖਤੀ ਨਾਲ ਲਾਗੂ ਕੀਤੇ। ਖੇਤੀਬਾੜੀ ਤੇ ਲੱਦੇ ਭਾਰੀ ਟੈਕਸ ਖਤਮ ਕੀਤੇ ਅਤੇ ਗਰੀਬ ਪੱਖੀ ਨੀਤੀਆਂ ਬਣਾਈਆਂ। ਤਰੋਰੇ ਨੇ ਹਜਾਰਾਂ ਟਰੈਕਟਰ ਕਿਸਾਨਾਂ ਨੂੰ ਸਰਕਾਰ ਵੱਲੋਂ ਮੁਫ਼ਤ ਦਿੱਤੇ। ਮਾਰੂਥਲ ਨੂੰ ਉਪਜਾਊ ਜਮੀਨ ਵਿੱਚ ਬਦਲਣ ਲਈ ਮਹੱਤਵਪੂਰਨ ਯੋਗਦਾਨ ਪਾਇਆ। ਜਿਸ ਨਾਲ ਖੇਤੀਬਾੜੀ ਸੈਕਟਰ ਵਿੱਚ ਵੱਡੇ ਬਾਦਲ ਆਉਣੇ ਸ਼ੁਰੂ ਹੋਏ। ਜੋ ਲੋਕ ਸਾਹਿਤ ਪ੍ਰੇਮੀ ਹਨ ਉਹ ਡਾਕਟਰ ਚੀ ਗਵੇਰਾ ਬਾਰੇ ਜਾਣਕਾਰੀ ਜਾਣਕਾਰੀ ਰੱਖਦੇ ਹੋਣਗੇ। ਉਹ ਇੱਕ ਮਹਾਨ ਇਨਕਲਾਬੀ ਸੀ। ਉਹਨਾਂ ਨੂੰ ਅਮਰੀਕਾ ਦੀ ਖੁਫੀਆ ਏਜੰਸੀ ਦੁਆਰਾ ਸ਼ਹੀਦ ਕੀਤਾ ਗਿਆ ਸੀ। ਅਬਰਾਹੀਮ ਤਰੋਰੇ ਅਫੀਰੀਕਾ ਦੇ ਚੀ ਗੁਵੇਰਾ ਹਨ। ਜੋ ਸਾਮਰਾਜਵਾਦੀ ਤਾਕਤਾਂ ਦੀਆਂ ਅੱਖਾਂ ਵਿੱਚ ਰੜਕਦੇ ਹਨ। ਇਤਿਹਾਸ ਵੇਖੀਏ ਤਾਂ ਇਹ ਤਾਕਤਾਂ ਜਾਂ ਤਾਂ ਅਜੇਹੇ ਦੇਸ਼ ਭਗਤ ਲੀਡਰਾਂ ਨੂੰ ਮਰਵਾ ਦਿੰਦੀਆਂ ਹਨ ਜਾਂ ਤਖ਼ਤਾ ਪਲਟ ਕਰਵਾ ਦਿੰਦੀਆਂ ਹਨ। ਇਬਰਾਹੀਮ ਤੋਰੇਰੇ ਨੂੰ ਉਹਨਾ ਦੇ ਦੇਸ਼ ਦੇ ਲੋਕ ਬਹੁਤ ਪਸੰਦ ਕਰਦੇ ਹਨ। ਸਾਮਰਾਜੀ ਤਾਕਤਾਂ ਉਹਨਾ ਦਾ ਤਖ਼ਤਾ ਪਲਟਣ ਦੀ ਹਿੰਮਤ ਨਹੀਂ ਕਰਨਗੀਆਂ। ਅਜੇਹੇ ਨੌਜਵਾਨਾਂ ਦੀ ਹਰ ਦੇਸ਼ ਵਿੱਚ ਲੋੜ ਹੈ, ਜੋ ਅਪਣੇ ਆਪਣੇ ਮੁਲਕਾਂ ਦੀ ਅਗਵਾਈ ਕਰ ਕੇ ਬੇਰੁਜ਼ਗਾਰ ਨੌਜਵਾਨਾਂ ਸਿਹਤ,ਸਿੱਖਿਆ ਅਤੇ ਰੁਜ਼ਗਾਰ ਸਾਰੇ ਲੋਕਾਂ ਨੂੰ ਮੁਹੱਇਆ ਕਰਵਾ ਸਕਣ।



# ਕਾਗਜ਼ੀ ਵਿਚੋਲਪੁਣਾ

## ਜੀਵਨ ਸਾਥੀ ਦੀ ਲੋੜ

ਕੈਨੇਡਾ ਵਿਜਟਿਰ ਵੀਜੇ ਉੱਪਰ ਆਈ ਵਿਧਵਾ ਉਮਰ 51 ਸਾਲ, ਕੱਦ 5 ਫੁੱਟ 4 ਇੰਚ, ਦਸਵੀਂ ਪਾਸ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਜੀਵਨ ਸਾਥੀ ਦੇ ਰਿਸ਼ਤੇ ਦੀ ਲੋੜ ਹੈ। ਬੱਚਿਆਂ ਸਮੇਤ ਤਲਾਕਸ਼ੁਦਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਜਾਤਪਾਤ ਦਾ ਕੋਈ ਬੰਧਨ ਨਹੀਂ। ਸੰਪਰਕ: 403 473 4659 ***282***

## ਲੜਕੀ ਦੀ ਲੋੜ

10 ਸਾਲਾ ਕਨੇਡੀਅਨ/ਯੂ ਐਸ ਏ ਵਿਜਟਿਰ ਵੀਜਾ ਉੱਪਰ ਪਟਿਆਲਾ ਤੋਂ ਕਾਰੋਬਾਰੀ,ਚੰਗੀ ਜ਼ਮੀਨ ਜਾਇਦਾਦ ਦੇ ਮਾਲਕ ਕੈਲਗਰੀ ਆਏ ਰਾਮਗੜੀਆ ਸਿੱਖ ਪਰਿਵਾਰ ਦੇ ਅਣਵਿਆਹੇ ਲੜਕੇ ਉਮਰ 42 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਬੀ ਏ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਛੋਟਾ ਭਰਾ ਯੂ ਐਸ ਏ ਸਿਟੀਜਨ ਹੈ। ਮੈਰਿਜ ਬਿਊਰੋ ਮਾਫ ਕਰਨ। ਸੰਪਰਕ: 1 403 618 5464 ਜਾਂ ਇੰਡੀਆ ਵਟਸਐਪ 9815657708 ***278***,

## ਲੜਕੇ ਦੀ ਲੋੜ

ਲੜਕੇ ਦੀ ਲੋੜ"ਨਵੀਂ ਦਿੱਲੀ ਇੰਡੀਆ ਵਿਖੇ ਰਹਿ ਰਹੀ ਜੱਟ ਸਿੱਖ ਗਿੱਲ ਪਰਿਵਾਰ ਦੀ ਪਤਲੀ, ਸੋਹਣੀ ਸੁਨੱਖੀ, ਪਰਿਵਾਰਕ ਕਦਰਾਂ ਕੀਮਤਾਂ ਜਾਣਦੀ,ਮਾਡਰਨ ਦਿੱਖ ਵਾਲੀ ਅਣਮੈਰਿਡ ਲੜਕੀ, ਉਮਰ 36 ਸਾਲ, ਕੱਦ 5 ਫੁੱਟ 5 ਇੰਚ, ਬੀ ਏ (ਇਕਨੌਮਿਕਸ ਅਤੇ ਸ਼ੋਸਾਇਲੋਜੀ ) ਕਾਨਪੁਰ ਯੂਨੀਵਰਿਸਟੀ, ਅਤੇ ਫਾਇਨਾਂਸ ਕੰਪਨੀ ਵਿੱਚ ਸਹਾਇਕ ਵਾਈਸ ਪ੍ਰੈਜ਼ੀਡੈਂਟ ,ਐਡਮਿਨ ਐਂਡ ਇਨਵੈਸਟਰ ਰਿਲੇਸ਼ਨਸਿੱਪ ਦੀ ਜੌਬ ਕਰਦੀ ਲਈ, ਚੰਗੇ ਪੜ੍ਹੇਲਿਖੇ ਚੰਗੇ ਆਚਰਣ ਅਤੇ ਚੰਗੇ ਲਾਈਫਸਟਾਈਲ ਵਾਲੇ ਕਨੇਡੀਅਨ ਪੀ ਆਰ, ਸਿਟੀਜਨ ਜਾਂ ਕਿਸੇ ਵੀ ਹੋਰ ਮੁਲਕ ਤੋਂ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ ਵੱਟਸਐਪ : 91 7704033627 ਜਾਂ +1 (403) 808-2016 **282**

## ਲੜਕੀ ਦੀ ਲੋੜ

ਕੈਨੇਡੀਅਨ ਪੀ ਆਰ,ਜੱਟ ਸਿੱਖ ਚਾਹਲ ,ਜਨਮ 2000, ਕੱਦ 5 ਫੁੱਟ 11 ਇੰਚ , ਕੈਲਗਰੀ ਵਿੱਚ ਰੀਅਲ ਐਸਟੇਟ ਮੀਡੀਆ ਕੰਪਨੀ ਚਲਾ ਰਹੇ ਲੜਕੇ ਵਾਸਤੇ ਯੋਗ ਜੱਟ ਸਿੱਖ ਕੰਨਿਆ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੈਨੇਡਾ ਹੈ। ਸੰਪਰਕ: 403 991 9791***282***

## ਲੜਕੀ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਨਸ਼ਾ ਰਹਿਤ,10 ਏਕੜ ਜ਼ਮੀਨ ਦੇ ਮਾਲਿਕ, ਇਕਲੌਤੇ ਲੜਕੇ ਉਮਰ 23 ਸਾਲ, ਕੱਦ 6 ਫੁੱਟ, ਵਿਦਿਅਕ ਯੋਗਤਾ: ਬੀ ਸੀ ਏ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 827 6257***282ਫ***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਹੇਰ ਪਰਿਵਾਰ ਦੇ ਨਸ਼ਾ ਰਹਿਤ ਲੜਕੇ ਉਮਰ 26 ਸਾਲ,ਕੱਦ 5 ਫੁੱਟ 9 ਇੰਚ, ਘਰਾਂ ਦੇ ਕੰਮ ਸਾਈਡਿੰਗ,ਰੂਫਿੰਗ,ਗਟਰ ਆਦਿ ਦੇ ਕੰਮ ਵਿੱਚ ਮਾਹਿਰ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 827 6257 ***282ਫ***

## ਲੜਕੀ ਦੀ ਲੋੜ

ਜੱਟ ਸਿੱਖ ਸੋਹੀ ਪਰਿਵਾਰ ਦੇ ਕੈਨੇਡਾ ਵਰਕ ਪਰਮਿਟ ਉੱਪਰ ਕੈਲਗਰੀ ਵਿਖੇ ਕੰਨਸਟਰੱਕਸ਼ਨ ਦੀ ਜੌਬ ਕਰਦੇ (ਨਾਨ ਅਲਕੋਹਲਕ)ਲੜਕੇ,ਜਨਮ 1992, ਕੱਦ 5 ਫੁੱਟ 7 ਇੰਚ, ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ।ਵਰਕ ਪਰਮਿਟ ਜਾਂ ਵਿਜਟਿਰ ਵੀਜੇ ਵਾਲੀ ਲੜਕੀ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕੇ ਦਾ ਬਾਕੀ ਪਰਿਵਾਰ ਵੀ ਕੈਲਗਰੀ ਹੀ ਸੈਟਲਡ ਹੈ। ਸੰਪਰਕ: 1 647 779 9118 ***277***

## ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਕੈਨੇਡਾ ਆਏ ਜੱਟ ਸਿੱਖ ਧਾਲੀਵਾਲ ਮੋਗਾ ਏਰੀਆ ਨਾਲ ਸਬੰਧਿਤ ਪਰਿਵਾਰ ਦੇ ਐਡਮਿੰਟਨ ਰਹਿੰਦੇ ਲੜਕੇ ਜਨਮ 2000,ਕੱਦ 5 ਫ਼ੁੱਟ 11 ਇੰਚ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ:1780 803 4234 ਜਾਂ 1 780 318 4367 ***281***

## ਲੜਕੀ ਦੀ ਲੋੜ

Well Settled Ramgarhia family looking for a suitable match for their son (Never Married) 34-year-old, 5-10 Tall, Clean Shaved. Running a Financing Business in Winnipeg. Canadian Citizen. Cast No Bar. Can be considered work permits or visitor Visa. Call at 204-510-7658 for more Information. ***281***

## ਲੜਕੇ ਦੀ ਲੋੜ

ਰਾਮਗੜੀਆ ਸਿੱਖ ਪਰਿਵਾਰ ਦੀ ਇੰਡੀਆ ਰਹਿੰਦੀ ਸੋਹਣੀ ਸੁਨੱਖੀ ਲੜਕੀ ਜਨਮ 1987,ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ ਐਮ ਸੀ ਏ ,ਆਈ ਟੀ ਕੰਪਨੀ ਵਿੱਚ ਸੋਫਟਵੇਅਰ ਡਿਵੈਲਪਰ ਦੀ ਜੌਬ ਕਰਦੀ ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਪਿਤਾ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਜਿਲਾ ਅਦਾਲਤ ਵਿੱਚ ਵਕਾਲਤ ਕਰਦੇ ਹਨ। ਸੰਪਰਕ: 403 472 7764 ਜਾਂ 91 70097 18886 ***281***

## ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ ਆਏ ਜੱਟ ਸਿੱਖ ਸੰਧੂ ਪਰਿਵਾਰ ਦੇ ਲੜਕੇ ਜਨਮ 1999,ਕੱਦ 5 ਫੁੱਟ 7 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਜਿਸ ਲੜਕੀ ਦੀ ਫਾਈਲ ਲੱਗੀ ਹੋਵੇ ਉਹ ਵੀ ਸੰਪਰਕ ਕਰ ਸਕਦੀ ਹੈ। ਕਾਲ: 1 431 338 0570 ਜਾਂ ਵਟਸਐਪ 1 204 504 8723 ***280***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ , ਜੱਟ ਸਿੱਖ ਗਿੱਲ ਪਰਿਵਾਰ ਦੇ ਪੇਂਡੂ ਅਤੇ ਸ਼ਹਿਰੀ ਜਾਇਦਾਦ ਦੇ ਮਾਲਕ, ਲੜਕੇ ਜਨਮ 1993,ਕੱਦ 6 ਫੁੱਟ 2 ਇੰਚ, ਐਡਮਿੰਟਨ ਵਿਖੇ ਪਾਵਰ ਇੰਜੀਨੀਅਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਪੜ੍ਹੀ ਲਿਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕਾਲ: 1 780 938 3520,1587 982 7034 ਜਾਂ ਵਟਸਐਪ : 011 91 8728805202 ***276***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਭੰਗੂ ਪਰਿਵਾਰ ਦੇ ਲੜਕੇ ਜਨਮ 1998, ਕੱਦ 5 ਫੁੱਟ 11 ਇੰਚ, ਇੰਟਰਨੈਸ਼ਨਲ ਬਿਜਨਿਸ ਮੈਨੇਜਮੈਂਟ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਦੋ ਛੋਟੇ ਭਰਾ ਵੀ ਕੈਨੇਡਾ ਹੀ ਹਨ। ਪਰਿਵਾਰ ਕੋਲ ਪੰਜਾਬ ਵਿੱਚ 14 ਏਕੜ ਜ਼ਮੀਨ ਹੈ । ਸੰਪਰਕ: 1 514 502 3782 ਜਾਂ ਇੰਡੀਆ: +91 9463409382***280 rao***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੀ ਲੜਕੀ ਜਨਮ 1992, ਕੱਦ 5 ਫੁੱਟ 3 ਇੰਚ, ਬੀਏ ਪੜ੍ਹੀ ਲਿਖੀ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਵਿਜਟਿਰ ਵੀਜਾ, ਵਰਕ ਪਰਮਿਟ ਜਾਂ ਸਟੂਡੈਂਟ ਵੀਜਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 1 825 333 6923 ਜਾਂ ਵਟਸਐਪ ਕਾਲ: 91-99150 98334 ***279***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਸਰੀ ਰਹਿੰਦੇ ਗਿੱਲ ਪਰਿਵਾਰ ਦੀ ਇਕਲੌਤੀ ਲੜਕੀ, ਜਨਮ 1992, ਕੱਦ 164 ਸੈਂਟੀਮੀਟਰ, ਬੀ ਟੈੱਕ ਇਨ ਇਲੈਕਟਰੀਕਲ ਇੰਜੀਨੀਅਰਿੰਗ,ਲਈ ਗੁਰਸਿੱਖ ਵਿਚਾਰਾਂ ਵਾਲੀ ਪੜ੍ਹੀਲਿਖੀ ਬੀ ਸੀ ਵਿੱਚ ਰਹਿੰਦੀ ਫੈਮਿਲੀ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 236 458 2228, E Mail: kimgillcanada@gmail.com ***279***

## ਲੜਕੀ ਦੀ ਲੋੜ

ਜੱਟ ਸਿੱਖ ਬੋਪਾਰਾਏ ਪਰਿਵਾਰ ਦੇ ਸੋਹਣੇ ਸੁਨੱਖੇ ਸਟੱਡੀ ਪਰਮਿਟ ਉੱਪਰ ਕੈਨੇਡਾ ਆਏ ਲੜਕੇ,ਜਨਮ 2000,ਕੱਦ 5 ਫੁੱਟ 10 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਰਿਸ਼ਤੇਦਾਰ ਪਰਿਵਾਰ ਕੈਨੇਡਾ ਵਿੱਚ ਪੱਕੇ ਤੌਰ ਤੇ ਸੈੱਟਲ ਹਨ ਜੋ ਕਿ ਲੜਕੇ ਨੂੰ ਸੈੱਟਲ ਹੋਣ ਵਿੱਚ ਆਰਥਿਕ ਮੱਦਦ ਕਰ ਸਕਦੇ ਹਨ। ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 587 227 6000 **te**un**je**

## ਲੜਕੀ ਦੀ ਲੋੜ

Hindu Punjabi khatri boy Jan 1985 born, height 5.7 living in Vancouver upper middle class family, B. Tech/MBA, now self employed in logistics, Canadian citizen looking for a beautiful, educated girl within Canada. Tourist, work permit, PR or citizen. +13065026789 ***279***

## ਲੜਕੀ ਦੀ ਲੋੜ

Ramgarhia parents seeking a girl for their Canadian born and raised 26 years old son who is professionally qualified and working as an engineer for a reputable company. He is non drinker and 6' 2" tall. Girl must be Canadian born and raised and professionally qualified. Cast no bar. May consider citizen or PR. Contact: 1587-783-2518, 1 780-554-3591,
E Mail: gagan_8.4@hotmail.com ***279***

## ਲੜਕੀ/ਲੜਕੇ ਦੀ ਲੋੜ

ਕੈਨੇਡਾ ਵਿਜਟਿਰ ਵੀਜੇ ਉੱਪਰ ਆਏ ਜੱਟ ਸਿੱਖ ਹੰਸਰਾ ਪਰਿਵਾਰ ਦੇ ਲੜਕੇ ਉਮਰ 26 ਸਾਲ ਕੱਦ 5 ਫੁੱਟ 5 ਇੰਚ, ਵਿਦਿਅਕ ਯੋਗਤਾ:+12, ਮੈਡੀਕਲ ਕੰਪਿਊਟਿਰ ਐਪਲੀਕੇਸਨ ਕੋਰਸ, ਆਫਿਸ ਐਡਮਨਿਸਟਰੇਸ਼ਨ-ਐਗਜੈਕਟਿਵ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਭੈਣ ਉਮਰ 28 ਸਾਲ, ਕੱਦ 5 ਫੁੱਟ 2 ਇੰਚ,ਜੋ ਕਨੇਡੀਅਨ ਪੀ ਆਰ ਹੈ,ਲਈ ਵੀ ਕਨੇਡਾ ਤੋਂ ਪੜ੍ਹੇਲਿਖੇ ਨਸ਼ਾ ਰਹਿਤ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 923 3560 ਜਾਂ 1 204 512 3333 ***278***

## ਲੜਕੀ ਦੀ ਲੋੜ

A handsome boy born in 1989, height 5 feet 11 inches, Bachelor of Science from the University of Toronto• Master of Science in Epidemiology and Biostatistics from the University of Western Ontario Profession: Sales Manager and Real Estate Agent Currently living in Calgary, Canada from a Jat Sikh family, needs a bride girl with good marital status. Contact: 1 416 709 4900, 1 647 740 9825 ***278***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਰਾਮਗੜੀਆ (ਸੰਧੂ) ਪਰਿਵਾਰ ਦੇ ਬਰਨਾਲਾ ਇਲਾਕੇ ਨਾਲ ਸਬੰਧਿਤ ਸੋਹਣੇ ਸੁਨੱਖੇ ਲੜਕੇ ਜਨਮ 2002, ਕੱਦ 6 ਫੁੱਟ, ਵਿਦਿਅਕ ਯੋਗਤਾ: ਪਲੱਸ 2 ਨਾਨ ਮੈਡੀਕਲ (ਚੰਡੀਗੜ੍ਹ) ਡਿਪਲੋਮਾਂ ਸੀ ਐੱਸ ਜਨਰਲ ਸਰੀ ਕੈਨੇਡਾ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 355 5931 ਜਾਂ 91 9804500031 *** ***

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ,ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ ਉਮਰ 36 ਸਾਲ, 5 ਫੁੱਟ 11 ਇੰਚ,ਕੈਮਿਕਲ ਇੰਜੀਨੀਅਰ,ਲਈ ਹਾਣ ਪਰਵਾਣ ਦੀ ਯੋਗਤਾ ਵਾਲੀ ਕੈਨੇਡੀਅਨ ਜੰਮਪਲ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ : 1 403 399 2690 ***278***

## ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ ਉਮਰ 25,ਕੱਦ 6 ਫੁੱਟ ਵਿਦਿਅਕ ਯੋਗਤਾ ਪਲੱਸ 2 ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: +1 (780) 267-2921 **277**

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਜੱਟ ਸਿੱਖ ਮੱਲੀ ਪਰਿਵਾਰ ਦੇ ਲੜਕੇ ਉਮਰ 27 ਸਾਲ, ਕੱਦ 6 ਫੁੱਟ, ਮਕੈਨੀਕਲ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜ ਾਂਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1587 917 5166 ***277***

## ਲੜਕੀ ਦੀ ਲੋੜ

ਜੱਟ ਸਿੱਖ ਪਰਿਵਾਰ ਦੇ ਓਪਨ ਵਰਕ ਪਰਮਿਟ ਉੱਪਰ ਆਏ ਟਰੱਕ ਡਰਾਈਵਰ ਦੀ ਜੌਬ ਕਰਦੇ,ਲੜਕੇ ਉਮਰ 41 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ +2 ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸ ਲੜਕੀ ਵੀ, ਚਾਹੇ ਬੱਚੇ ਵੀ ਹੋਣ, ਸੰਪਰਕ ਕਰ ਸਕਦੀ ਹੈ। ਸੰਪਰਕ: 403 975 8441 ***277***

## ਲੜਕੇ ਦੀ ਲੋੜ

ਕੈਨੇਡੀਅਨ ਸਿਟੀਜ਼ਨ,ਜੱਟ ਸਿੱਖ ਪਰਿਵਾਰ ਦੀ ਲੜਕੀ,ਜਨਮ 1996,ਕੱਦ 5 ਫੁੱਟ 6 ਇੰਚ,ਵਿਦਿਅਕ ਯੋਗਤਾ: ਐਸੋਸੀਏਟ ਡਿਗਰੀ ਇਨ ਕੰਪਿਊਟਰ ਸਾਇੰਸ,ਹੁਣ ਸਟੋਰ ਮੈਨੇਜਰ ਦੀ ਜੌਬ ਕਰਦੀ ਲਈ, ਹਾਣ ਪ੍ਰਵਾਣ ਦੀ ਯੋਗਤਾ ਵਾਲੇ ਵੈੱਲ ਸੈਟਲਡ ਪਰਿਵਾਰ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 852 2852 ***277***

## ਲੜਕੇ ਦੀ ਲੋੜ

ਜੱਟ ਸਿੱਖ ਕੰਦੋਲਾ ਪਰਿਵਾਰ ਦੀ ਆਬੂਧਾਬੀ ਵਿਖੇ ਰਹਿੰਦੀ ਅਤੇ ਬੈਂਕ ਦੀ ਜੌਬ ਕਰਦੀ ਲੜਕੀ ਉਮਰ 35 ਸਾਲ, ਕੱਦ 5 ਫੁੱਟ 5 ਇੰਚ,ਵਿਦਿਅਕ ਯੋਗਤਾ : ਐਮ ਬੀ ਏ ਫਾਇਨੈਂਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ: 1587 228 0693, Email: arandhawa gmail.com ***291***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

## ਲੜਕੀ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਉਪਰ ਜੱਟ ਸਿੱਖ ਦੁਸਾਂਝ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ,ਉਮਰ 27 ਸਾਲ,ਕੱਦ 6 ਫੁੱਟ 4 ਇੰਚ ਵਿਦਿਅਕ ਯੋਗਤਾ ਐਮ ਏ, ਤਲਾਕਸ਼ੁਦਾ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾਂ ਬੱਚੇ ਤੋਂ ਤਲਾਕ ਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 403 971 2245 ***280*** *F*

## ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***-***

## ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

## ਲੜਕੇ ਦੀ ਲੋੜ

ਜੱਟ ਸਿੱਖ, ਖੈਰਾ ਪਰਿਵਾਰ ਬਰਨਾਲਾ ਇਲਾਕੇ ਦੀ ਪੰਜਾਬ ਰਹਿੰਦੀ, ਚੰਗੀਆਂ ਪਰਿਵਾਰਿਕ ਕਦਰਾਂ ਕੀਮਤਾਂ ਵਾਲੀ,ਸੋਹਣੀ ਸੁਨੱਖੀ,ਇੰਟੈਲੀਜੈਂਟ, ਲੜਕੀ ਜਨਮ 1992,ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ ਐਮ ਐੱਸ (ਆਈ ਟੀ) ਲਈ ਕਨੇਡਾ ਅਮਰੀਕਾ ਜਾਂ ਆਸਟਰੇਲੀਆ ਰਹਿੰਦੇ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: ਵਟਸਐਪ 91-9393800002 ਜਾਂ 1 780 300 2000 ***_***

## ਲੜਕੇ ਦੀ ਲੋੜ

Jatt Sikh family seek a suitable match for their 5ft. 8inch / 30 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***


"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸ਼ਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

Email: punjabiakhbaar@gmail.com

403 640 2000


## ਲੜਕੀ ਦੀ ਲੋੜ

ਕਨੇਡਾ ਸਟੂਡੈਂਟ/ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਸਮਰਾ ਪਰਿਵਾਰ ਦੇ ਇਕਲੌਤੇ, ਸੋਹਣੇ ਸੁਨੱਖੇ ਲੜਕੇ ਉਮਰ 22 ਸਾਲ ਕੱਦ 5 ਫੁੱਟ 9 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਆਰਥਿਕ ਤੌਰ ਤੇ ਬਹੁਤ ਚੰਗੀ ਹਾਲਾਤ ਵਾਲੇ ਸਿਰੇ ਦੇ ਮਿਹਨਤੀ ਲੜਕੇ ਕੋਲ ਪੰਜਾਬ ਵਿੱਚ 20 ਏਕੜ ਜ਼ਮੀਨ, ਕੰਬਾਈਨ,ਟਰੈਕਟਰ, ਕਾਰੋਬਾਰੀ (ਆੜ੍ਹਤ)ਦਾ ਪਿਛੋਕੜ, ਪਿੰਡ ਵਿੱਚ ਵੱਡ ਅਕਾਰੀ ਕੋਠੀ, ਗੱਡੀ ਆਦਿ ਵਰਗੀਆਂ ਸਹੂਲਤਾਂ ਮੌਜੂਦ ਹਨ। ਲੜਕੇ ਦਾ ਤਾਇਆ ਅਤੇ ਬਾਕੀ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ।
ਸੰਪਰਕ 1 780 300 2000 (ਵਟਸਐਪ): 9583592000

## NAME CHANGE

**I, JASLEEN KAUR daughter of HARJINDER SINGH , holder of Indian Passport No.# T 5039310 ,issued CHANDIGARH, on 25/04/2019, permanent resident of H.N: 260 DIGOH,FATEHABAD, PIN: 125106,HARYANA,INDIA and presently residing at 521-10 CITYSIDE RD NE, CALGARY (AB) T3N2A1, CANADA, do hereby change my name from JASLEEN KAUR to JASLYN KAUR BHANDAL, with immediate effect.**
**Date : 14/09/2025 Cont.: 1 403 483 3484**

## ਘਰ ਦੇ ਕੰਮ ਲਈ ਸਹਾਇਕ ਔਰਤ ਦੀ ਲੋੜ

ਕੈਲਗਰੀ ਸਹਿਰ ਦੇ ਸੈਡਲਰਿੱਜ ਏਰੀਆ ਵਿੱਚ ਰਹਿੰਦੀ ਪੰਜਾਬੀ ਫੈਮਿਲੀ ਨੂੰ ਘਰ ਦੇ ਕੰਮ ( ਬਰਤਨ ਧੋਣੇ ਅਤੇ ਘਰ ਦੀ ਸਾਫ ਸਫਾਈ ਆਦਿ) ਲਈ ਹੈਲਪਰ (ਔਰਤ) ਦੀ ਲੋੜ ਹੈ । ਕੰਮ ਹਫ਼ਤੇ ਦੇ ਪੰਜ ਦਿਨ 30-35 ਘੰਟੇ ਹੋਵੇਗਾ । ਚੰਗੀ ਤਨਖਾਹ ਦਿੱਤੀ ਜਾਵੇਗੀ।
ਸੰਪਰਕ : 587 329 7202

## Need Office Administrator

**We need Office administrator person for our Calgary Office. who speaks good English, must have driver license, good wages,we will give training also!**
**Contact : Kam Khamba**
**@403-975-0128**

## ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ

ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ
ਕਾਲ ਕਰੋ:
1 250 319 7263


Advice from someone you trust.
Sun Life
Life's brighter under the sun
Life & Health Insurance · Critical Illness Insurance · Disability Insurance
Employee Benefits · RESP · TFSA· RRSP · Mutual Funds




Harvinder Singh*
587-574-0029
harvinder.h.singh@sunlife.com

*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.




# ਦਿਲ ਮਰ ਜਾਣੇ ਨੂੰ ਕੀ ਹੋਇਆ ਸੱਜਣਾ-2

-ਬਰੀ ਨਿਜ਼ਾਮੀ




ਬਰੀ ਦੀ ਕਲਮ ਦਾ ਜਾਦੂ ਅਤੇ ਨੁਸਰਤ ਸਾਹਿਬ ਦੀ ਸੁਰ ਸਾਧਨਾ ਦੀ ਬਦੌਲਤ ਬਰੀ ਦਾ ਲਿਖਿਆ ਲਫ਼ਜ਼ ਸਰੋਤਿਆਂ ਦੇ ਸਿਰ ਚੜ੍ਹ ਬੋਲਿਆ

ਗਿਣ ਗਿਣ ਤਾਰੇ ਲੱਘਦੀਆਂ ਰਾਤਾਂ
ਸੱਪਾਂ ਵਾਂਗੂੱ ਡੱਗਦੀਆਂ ਰਾਤਾਂ
ਰਾਂਝਾ ਤਖਤ ਹਜ਼ਾਰਾ ਭੁੱਲਿਆ
ਭੁੱਲਿਆ ਨਹੀਂ ਪਰ ਝੱਗ ਦੀਆਂ ਰਾਤਾਂ
ਅੱਖੀਆਂ ਵਿੱਚ ਜਗਰਾਤੇ ਰਹਿੰਦੇ
ਸੂਲੀ ਉੱਤੇ ਟੱਗਦੀਆ ਰਾਤਾਂ
ਮੈਨੂੰ ਕੋਈ ਸਮਝ ਨਾ ਆਵੇ
ਆਈਆਂ ਕਿਹੜੇ ਢੱਗ ਦੀਆਂ ਰਾਤਾਂ
ਬਰੀ ਨਿਜ਼ਾਮੀ ਯਾਦ ਨਹੀਂ ਮੈਨੂੰ
ਹੁਣ ਖ਼ਬਰੇ ਕੀ ਮੱਗਦੀਆਂ ਰਾਤਾਂ

ਬਰੀ ਨਿਜ਼ਾਮੀ ਨੇ ਨੁਸਰਤ ਫ਼ਤਿਹ ਅਲੀ ਖ਼ਾਨ ਲਈ ਉਹਨਾਂ ਦੇ ਮੌਲਿਕ ਰੰਗ ਕਵਾਲੀ ਨੂੰ ਵੀ ਬਹੁਤ ਖੁੱਭ ਲਿਖਿਆ । ਬਰੀ ਨਿਜ਼ਾਮੀ ਦੀਆਂ ਲਿਖੀਆਂ ਅਨੇਕਾਂ ਕਵਾਲੀਆਂ ਨੁਸਰਤ ਫ਼ਤਿਹ ਅਲੀ ਖ਼ਾਨ ਤੇ ਸਾਥੀਆਂ ਦੀਆਂ ਆਵਾਜ਼ਾਂ ਵਿੱਚ ਰਿਕਾਰਡ ਹੋਈਆਂ । ਪੰਜਾਬੀ ਕਵਾਲੀ ਲਿਖਣ ਵਿੱਚ ਬਰੀ ਨਿਜ਼ਾਮੀ ਦੀ ਮੁਹਾਰਤ ਦਾ ਉਸ ਦੁਆਰਾ ਰਚੀਆਂ ਕਵਾਲੀਆਂ ਨੂੰ ਮਿਲੀ ਬੇਸ਼ੁਮਾਰ ਮਕਬੂਲੀਅਤ ਤੋਂ ਹੀ ਪਤਾ ਲੱਗ ਜਾਂਦਾ ਹੈ । ਨਮੂਨੇ ਵੱਜੋਂ ਕਵਾਲੀ ਪਾਠਕਾਂ ਦੇ ਸਨਮੁੱਖ ਹੈ ।

ਜਾਹ ਮੁੜ ਜਾ ਅਜੇ ਵੀ ਘਰ ਮੁੜ ਜਾ,
ਨੀ ਇਸ਼ਕੇ 'ਚ ਕੀ ਰੱਖਿਆ

ਨੁਸਰਤ ਸਾਹਿਬ ਜਦੋਂ ਸਟੇਜ ਤੇ ਲੋਕਾਂ ਦੇ ਸਨਮੁੱਖ ਗਾਉਂਦੇ ਸਨ ਤਾਂ ਗੀਤ ਵਿਚ ਅਨੇਕਾਂ ਈ ਸ਼ੇਅਰ ਫਿੱਟ ਕਰ ਲੈਂਦੇ ਸਨ । ਸੁਰੀਲੀਆਂ ਸਰਗਮਾਂ ਨਾਲ ਲੰਮਾਂ ਸਮਾਂ ਕਵਾਲੀ 'ਤੇ ਖੇਡਦੇ ਰਹਿੰਦੇ ਸਨ । ਸ੍ਰੋਤੇ ਮੰਤਰ ਮੁਗਧ ਹੋਕੇ ਸੁਣਦੇ ਰਹਿੰਦੇ ਸਨ ।

ਯਾਰਾ ਡੱਕ ਲੈ ਖ਼ੂੱਨੀ ਅੱਖੀਆਂ ਨੂੰ
ਸਾਨੂੰ ਤੱਕ ਤੱਕ ਮਾਰ ਮੁਕਾਇਆ ਏ
ਦਿਲ ਜਾਣ ਜ਼ਿਗਰ ਜ਼ਖਮੀ ਕੀਤੇ
ਨਜ਼ਰਾਂ ਦਾ ਤੀਰ ਚਲਾਇਆ ਏ
ਜਿਹਨੂੰ ਵੇਖਿਆ ਏ, ਉਹਨੂੰ ਮਾਰਿਆ ਏ
ਦੱਸ ਕਿਸਨੂੰ ਪਾਰ ਉਤਾਰਿਆ ਏ
ਇਹਨਾਂ ਚੀਰਿਆ ਯਾਰ ਪਹਾੜਾਂ ਨੂੰ
ਪੱਟ ਚੀਰ ਕਬਾਬ ਬਣਾਇਆ ਏ
ਤੇਰਾ ਤੀਰ ਨਿਜ਼ਾਮੀ ਕਾਰੀ ਏ
ਜਿੰਦ ਸਦਕੇ ਲੱਖ ਲੱਖ ਵਾਰੀ ਏ


ਪਾਕਿਸਤਾਨ ਦੇ ਹੋਰ ਗਾ ਅਤਾਉੱਲਾ ਖਾਨ ਦੀ ਆਵਾਜ਼ ਵਿਚ ਬਰੀ ਨਿਜ਼ਾਮੀ ਦੇ ਅਨੇਕਾਂ ਹੀ ਗੀਤ ਰਿਕਾਰਡ ਹੋਏ, ਜਿਹਨਾਂ ਦੀ ਬਦੌਲਤ ਅਤਾਉੱਲਾ ਖਾਨ ਨੇ ਬੁਲੰਦੀਆਂ ਨੂੰ ਛੋਹਿਆ ਉਹਨਾਂ ਵਿੱਚੋਂ ਟੱਪੇ ਨੁਮਾ ਗੀਤ ਵੇ ਬੋਲ ਸਾਂਵਲ,

ਨਾ ਰੋਲੀਂ ਸਾਨੂੰ ਵੇਖੀਂ ਕੰਡਿਆਂ ਦੇ ਵਿੱਚ ਨਾਂ ਤੋਲੀਂ ਸਾਨੂੰ,
ਵੇ ਬੋਲ ਸਾਂਵਲ ਵਗਦੀ ਏ ਰਾਵੀ, ਵਿੱਚ ਸੁੱਟਾਂ ਕੰਗਣਾ
ਮੈਂ ਤੇ ਰੱਬ ਕੋਲੋਂ ਹੁਣ ਬੱਸ ਮਾਹੀ ਮੰਗਣਾ, ਵੇ ਬੋਲ ਸਾਂਵਲ

ਪੰਜਾਬ ਦੇ ਹਰਮਨ ਪਿਆਰੀ 'ਦਾਸਤਾਂ-ਏ-ਇਸ਼ਕ' ਸੱਸੀ-ਪੁੰਨੂੰ ਨੂੰ ਬਰੀ ਨਿਜ਼ਾਮੀ ਸਾਹਿਬ ਨੇ ਇੰਝ ਲਿਖਿਆ ਜੋ ਅਤਾਉੱਲਾ ਖਾਨ ਦੀ ਆਵਾਜ਼ ਵਿੱਚ ਬਹੁਤ ਮਕਬੂਲ ਹੋਈ । ਜਿਸ ਨੂੰ ਵਰ੍ਹਿਆਂ ਬਾਅਦ ਕੋਕ ਸਟੂਡੀਓ ਵਿੱਚ ਵੀ ਰਿਕਾਰਡ ਕੀਤਾ ਗਿਆ ਅਤੇ ਇਹ ਗੀਤ ਨਵੀਂ ਪੀੜ੍ਹੀ ਤੱਕ ਪਹੁੰਚਿਆ । ਜਿਸਨੂੰ ਨਵੀਂ ਪੀੜ੍ਹੀ ਨੇ ਵੀ ਬਹੁਤ ਪਿਆਰ ਦਿੱਤਾ

ਬਰੀ ਨਿਜ਼ਾਮੀ ਕਹਿਣ ਸਿਆਣੇ
ਇਸ਼ਕ ਦਾ ਰੋਗ ਅਵਹਿੜਾ
ਨੀ ਉਠਾਂ ਵਾਲੇ ਤੁਰ ਜਾਣਗੇ,
ਫੇਰ ਲੱਭਦੀ ਫਿਰੇਂਗੀ ਹਾਣੀ
ਨੀ ਸੱਸੀਏ ਜਾਗਦੀ ਰਹੀਂ,
ਰਾਤ ਅੱਜ ਦੀ ਨੀਂਦ ਨਾ ਮਾਣੀਂ
ਨੀ ਉਠਾਂ ਵਾਲੇ ਤੁਰ ਜਾਣਗੇ

ਪੰਜਾਬੀ ਕਿੱਸਾ ਕਾਵਿ ਦੇ ਮੋਹਰੀ ਵਾਰਿਸ ਸ਼ਾਹ ਰਚਿਤ ਕਿੱਸਾ ਹੀਰ-ਰਾਂਝਾ ਨੂੰ ਅਨੇਕਾਂ ਗੀਤਕਾਰਾਂ ਨੇ ਆਪਣੇ ਆਪਣੇ




ਲਹਿਜ਼ੇ ਨਾਲ ਲਿਖਿਆ । ਹਰ ਪੰਜਾਬੀ ਗਾਕਲਾਕਾਰ ਨੇ ਹੀਰ ਰਾਂਝਾ ਦਾਸਤਾਂ ਨੂੰ ਗਾਇਆ । ਜ਼ਿਆਦਾ ਤਰ ਗੀਤਕਾਰਾਂ ਨੇ ਹੀਰ ਰਾਂਝੇ ਦੇ ਵਿਛੋੜੇ ਦੇ ਪਲਾਂ ਨੂੰ ਲਿਖਿਆ ਪਰ ਬਰੀ ਨਿਜ਼ਾਮੀ ਸਾਹਿਬ ਵਲੋਂ ਲਿਖਿਆ ਹੱਥਲਾ ਗੀਤ ਅਤਾਉੱਲਾ ਖਾਨ ਦੀ ਆਵਾਜ਼ ਵਿੱਚ ਬਹੁਤ ਪ੍ਰਸਿੱਧ ਹੋਇਆ

ਖੇੜੇ ਹੀਰ ਨੂੰ ਵਿਆਹ ਕੇ ਜਦੋਂ ਲੈ ਗਏ
ਰਾਂਝੇ ਕੱਨੀਂ ਪਾਈਆਂ ਮੁੱਦਰਾਂ
ਮਹਿਲ ਆਸਾਂ ਤੇ ਉਮੀਦਾਂ ਵਾਲੇ ਢਹਿਗੇ
ਰਾਂਝੇ ਕੱਨੀਂ ਪਾਈਆਂ ਮੁੱਦਰਾਂ
ਫਿਰਦਾ ਏ ਹੁਣ ਕਿਹੜਿਆਂ ਹਾਲਾਂ
ਦਿਲ ਦੇ ਬੈਠਾ ਝੱਗ ਸਿਆਲਾਂ
ਉਹਦੇ ਵਾਅਦਿਆਂ ਤੇ 'ਬਰੀ' ਹੋਰੀਂ ਰਹਿਗੇ
ਰਾਂਝੇ ਕੱਨੀਂ ਪਾਈਆਂ ਮੁੱਦਰਾਂ

ਜਰਨਲ ਜਿਆ ਦੇ ਸਮੇਂ ਬਰੀ ਸਾਊਦੀ ਅਰਬ ਹੱਜ ਕਰਨ ਲਈ ਗਿਆ । ਇਸ ਤੋਂ ਬਾਅਦ ਉਹ ਲਗਾਤਾਰ ਸਾਊਦੀ ਜਾਣ ਲੱਗ ਪਿਆ । ਉਥੋਂ ਉਹ ਥੋੜ੍ਹਾ ਬਹੁਤ ਸਮਾਨ ਲੈ ਆਉਂਦਾ ਤੇ ਆ ਕੇ ਫੈਸਲਾਬਾਦ ਵੇਚ ਲੈਂਦਾ । ਬਰੀ ਫੈਸਲਾਬਾਦ ਵਿੱਚ ਰੇਹੜੀ ਛਾਬੜੀ ਵੀ ਲਾਉਂਦਾ ਰਿਹਾ । ਰੇਹੜੀ ਛਾਬੜੀ ਯੂਨੀਅਨ ਦੇ ਪ੍ਰਧਾਨ ਵੱਜੋਂ ਵੀ ਸੇਵਾ ਨਿਭਾਈ । 1991 ਵਿੱਚ ਉਹ ਅੱਖਾਂ ਦੀ ਇਨਫੈਕਸ਼ਨ ਦੀ ਬਿਮਾਰੀ ਦਾ ਸ਼ਿਕਾਰ ਹੋ ਗਿਆ । ਫੇਰ ਅਧਰੰਗ ਹੋ ਗਿਆ । ਰੁਜ਼ਗਾਰ ਦਾ ਕੋਈ ਪੱਕਾ ਵਸੀਲਾ ਨਹੀਂ ਸੀ । ਬੇਸ਼ੱਕ ਉਸ ਸਮੇਂ ਨੁਸਰਤ ਫ਼ਤਿਹ ਅਲੀ ਖ਼ਾਨ ਨੇ ਉਸ ਦੀ ਆਰਥਿਕ ਮੱਦਦ ਕੀਤੀ ਪਰ ਉਹ ਮੱਦਦ ਤਾਂ ਉਸ ਦੇ ਪਰਿਵਾਰ ਦੀ ਰੋਟੀ ਲਈ ਹੀ ਕਾਫੀ ਸੀ । ਆਖਰੀ ਸਮੇਂ ਬਰੀ ਨਿਜ਼ਾਮੀ ਦੇ ਪ੍ਰੀਵਾਰ ਕੋਲ ਇਲਾਜ ਕਰਾਉਣ ਲਈ ਕੋਈ ਸਾਧਨ ਨਹੀਂ ਸੀ । ਸ਼ਹਿਰ ਦੇ ਕੁੱਝ ਡਾਕਟਰਾਂ ਨੇ ਰਲ ਕੇ ਆਪਣੇ ਵੱਲੋਂ ਬਰੀ ਦੇ ਇਲਾਜ ਤੇ ਜ਼ੋਰ ਲਾਇਆ ਪਰ ਉਹ ਵੀ ਬੇਵੱਸ ਰਹੇ । ਆਖਰ 14 ਮਈ 1998 ਵਿੱਚ ਪੰਜਾਬੀ ਗੀਤਕਾਰੀ ਦਾ ਇਹ ਥੰਮ ਇਲਾਜ ਬੁਝੋਂ ਮਾਰ ਖਾ ਗਿਆ ।ਜੇਕਰ ਬਰੀ ਨਿਜ਼ਾਮੀ ਦੇ ਲਿਖੇ ਗੀਤਾਂ ਦੀ ਗੱਲ ਕਰੀਏ, ਕੈਸਟਾਂ ਦੀ ਵਿਕਰੀ ਦੀ ਗੱਲ ਕਰੀਏ ਤਾਂ ਲੱਖਾਂ ਦੀ ਤਾਦਾਦ ਵਿੱਚ ਉਹ ਕੈਸਟਾਂ ਵਿਕੀਆਂ । ਪਰ ਅਫਸੋਸ ਉਹਨਾਂ ਗੀਤਾਂ ਦਾ ਲਿਖਾਰੀ ਸਾਰੀ ਉਮਰ ਆਪਣਾ ਮਕਾਨ ਵੀ ਨਾ ਬਣਾ ਸਕਿਆ । ਆਪਣਾ ਇਲਾਜ਼ ਵੀ ਨਾ ਕਰ ਸਕਿਆ । ਕਿਸੇ ਸਰਕਾਰ ਨੇ ਉਸ ਦੀ ਸਾਰ ਨਾ ਲਈ । ਕਿਸੇ ਪੰਜਾਬੀ ਪਿਆਰੇ ਨੇ ਉਹਦੇ ਹੱਕ ਵਿੱਚ ਹਾਅ ਦਾ ਨਾਅਰਾ ਨਾ ਮਾਰਿਆ । ਬਹੁਤੇ ਸੰਗੀਤ ਪ੍ਰੇਮੀਆਂ ਨੂੰ ਤਾਂ ਇਹ ਵੀ ਪਤਾ ਨਹੀਂ ਕਿ ਅਸੀਂ ਜਿਸ ਕਲਾਮ ਦਾ ਅਨੰਦ ਮਾਣ ਰਹੇ ਹਾਂ ਉਸ ਦਾ ਜਨਮ ਦਾਤਾ ਬਰੀ ਨਿਜ਼ਾਮੀ ਹੈ ।

ਬਰੀ ਨਿਜ਼ਾਮੀ ਦੀ ਆਖਰੀ ਗ਼ਜ਼ਲ –

ਰੂਪ ਸੁਲੱਖਣਾ ਨਜ਼ਮ ਦਾ ਜਾਪੇ, ਵੱਖਰਾ ਪਿਆਰ ਗ਼ਜ਼ਲ ਦਾ
ਵੱਨ ਸੁਵੱਨੇ ਲਫ਼ਜ਼ਾਂ ਦੇ ਨਾਲ, ਗੁੱਦਿਐ ਹਾਰ ਗ਼ਜ਼ਲ ਦਾ
ਲੱਗੀਆਂ ਵਾਲੇ ਸਾਰੇ ਜਾਨਣ, ਕੋਈ ਦੂਜਾ ਕੀ ਜਾਣੇਂ
ਦਿਲ ਦੀਆਂ ਨਾਜ਼ੁਕ ਤਾਰਾਂ ਨਾਲੋਂ, ਨਾਜ਼ੁਕ ਤਾਰ ਗ਼ਜ਼ਲ ਦਾ
ਕੰਨਾਂ ਦੇ ਵਿੱਚ ਰਸ ਪਿਆ ਘੁਲਦਾ ਤੇ ਮਸਤੀ ਵਿਛ ਵਿਛ ਜਾਵੇ
ਝਾਂਜਰ ਦਾ ਛਣਕਾਰ ਕੀ ਹੁੱਦੈ, ਜੋ ਛਣਕਾਰ ਗ਼ਜ਼ਲ ਦਾ
ਜਿੱਨੀ ਡੂੱਘੀ ਸੋਚ ਗ਼ਜ਼ਲ ਦੀ, ਫ਼ਿਕਰ ਵੀ ਓਨਾਂ ਡੂੱਘਾ
ਜਣੇ ਖਣੇ ਦੇ ਹੱਥੀਂ ਚੜ੍ਹਦੈ, ਕਦ ਇਜ਼ਹਾਰ ਗ਼ਜ਼ਲ ਦਾ
ਬੱਦਸ਼ਾਂ ਤੇ ਤਸ਼ਬੀਹਾਂ, ਰਮਜ਼ਾਂ, ਕਾਫੀਏ, ਅਦਬ ਰਦੀਫ਼ਾਂ
ਜਿਹੜਾ ਇਹ ਦੀ ਜੜ੍ਹ ਤੋਂ ਜਾਣੇਂ, ਓਹ ਫ਼ਨਕਾਰ ਗ਼ਜ਼ਲ ਦਾ
ਰੂਪ ਫੁਲਾਂ ਦਾ 'ਬਰੀ ਨਿਜ਼ਾਮੀ' ਅੱਖੀਆਂ ਨੂੰ ਨਹੀਂ ਚੜ੍ਹਦਾ
ਜਿਸ ਦਿਨ ਦਾ ਮੇਰੇ ਦਿਲ ਦੇ ਅੱਦਰ, ਚੁੱਭਿਐ ਖ਼ਾਰ ਗ਼ਜ਼ਲ ਦਾ

## facebook — ਫੇਸਬੁੱਕ ਪਰਿਵਾਰ ਦੀਆਂ ਗੱਲਬਾਤਾਂ

# ਕਨੇਡਾ ਵਿੱਚ ਲੱਕੜ ਦੇ ਮਕਾਨ ਅਤੇ ਅਪਾਰਟਮੈਂਟ ਬਣਾਏ ਜਾਣ ਦੇ ਕਾਰਨ

ਕਨੇਡਾ ਵਿੱਚ ਲੱਕੜ (ਖਾਸ ਕਰਕੇ ਲਕੜੀ ਦੇ ਫਰੇਮ) ਦੇ ਮਕਾਨ ਅਤੇ ਬਹੁ-ਮੰਜਲਾ ਅਪਾਰਟਮੈਂਟ ਬਣਾਉਣਾ ਇਤਿਹਾਸਕ, ਆਰਥਿਕ, ਪ੍ਰਾਕ੍ਰਿਤਕ, ਅਤੇ ਤਕਨੀਕੀ ਕਾਰਨਾਂ ਕਰਕੇ ਬਹੁਤ ਆਮ ਹੈ। ਇਹਨਾਂ ਦੀ ਸੁਰੱਖਿਆ ਬਾਰੇ ਵੀ ਵਿਸਤ੍ਰਿਤ ਨਿਯਮ ਹਨ।

1. ਲੱਕੜ ਦੀ ਉਪਲਬਧਤਾ ਅਤੇ ਆਰਥਕ ਕਾਰਨ:

ਪ੍ਰਾਕ੍ਰਿਤਕ ਸਰੋਤ: ਕਨੇਡਾ ਵਿਸ਼ਾਲ ਜੰਗਲਾਂ ਵਾਲਾ ਦੇਸ਼ ਹੈ ਅਤੇ ਇੱਥੇ ਨਰਮ ਲੱਕੜ (ਜਿਵੇਂ ਸਪਰੂਸ, ਪਾਈਨ, ਫਰ) ਬਹੁਤਾਤ ਵਿੱਚ ਪੈਦਾ ਹੁੰਦੀ ਹੈ। ਇਸ ਲਈ, ਇਹ ਇੱਕ ਸਸਤਾ ਅਤੇ ਆਸਾਨੀ ਨਾਲ ਉਪਲਬਧ ਨਿਰਮਾਣ ਸਮੱਗਰੀ ਹੈ।

ਲਾਗਤ-ਕਾਰਗੁਜ਼ਾਰੀ: ਸਟੀਲ ਜਾਂ ਕੰਕਰੀਟ ਦੇ ਮੁਕਾਬਲੇ ਲੱਕੜ ਦਾ ਢਾਂਚਾ ਤਿਆਰ ਕਰਨਾ ਅਕਸਰ ਸਸਤਾ ਪੈਂਦਾ ਹੈ। ਇਸਦਾ ਨਿਰਮਾਣ ਤੇਜ਼ ਅਤੇ ਅਕਸਰ ਕੁਸ਼ਲ ਹੁੰਦਾ ਹੈ, ਖਾਸ ਕਰਕੇ ਪਹਿਲਾਂ ਤੋਂ ਤਿਆਰ ਕੀਤੀਆਂ ਗਈਆਂ ਦੀਵਾਰਾਂ (pre-fabricated walls) ਨਾਲ।

2. ਢਾਂਚਾਗਤ ਗੁਣ:

ਲਚਕੀਲਾਪਨ ਅਤੇ ਮਜਬੂਤੀ: ਲੱਕੜ ਕੁਦਰਤੀ ਤੌਰ 'ਤੇ ਲਚਕੀਲੀ ਹੁੰਦੀ ਹੈ। ਇਹ ਹਲਕੇ ਭੂਚਾਲ ਜਾਂ ਤੇਜ਼ ਹਵਾਆਂ ਵਿੱਚ ਥੋੜ੍ਹਾ ਜਿਹਾ ਮੁੜ ਸਕਦੀ ਹੈ ਅਤੇ ਟੁੱਟਣ ਦੀ ਬਜਾਏ ਮੋੜ ਸਕਦੀ ਹੈ, ਜੋ ਇਸਨੂੰ ਸੀਜ਼ਮਿਕ (ਭੂਚਾਲ) ਖੇਤਰਾਂ ਲਈ ਢੁਕਵਾਂ ਬਣਾਉਂਦੀ ਹੈ।

ਹਲਕਾਪਨ: ਕੰਕਰੀਟ ਜਾਂ ਇੱਟਾਂ ਦੇ ਮੁਕਾਬਲੇ ਲੱਕੜ ਹਲਕੀ ਹੁੰਦੀ ਹੈ। ਇਸ ਲਈ, ਇਸ ਤੋਂ ਬਣੇ ਢਾਂਚੇ ਨੂੰ ਭਾਰੀ ਨੀਂਹ (foundation) ਦੀ ਲੋੜ ਨਹੀਂ ਹੁੰਦੀ, ਜੋ ਲਾਗਤ ਕਮ ਕਰਦਾ ਹੈ।

3. ਥਰਮਲ ਕਾਰਗੁਜ਼ਾਰੀ (Insulation):

ਕੁਦਰਤੀ ਇਨਸੂਲੇਸ਼ਨ: ਲੱਕੜ ਕੁਦਰਤੀ ਤੌਰ 'ਤੇ ਗਰਮੀ ਦੀ ਇੱਕ ਚੰਗੀ ਇਨਸੂਲੇਟਰ ਹੈ। ਇਸਦੇ ਹਵਾ ਭਰੇ ਸੈੱਲ ਇਸਨੂੰ ਸਟੀਲ ਜਾਂ ਕੰਕਰੀਟ ਦੇ ਮੁਕਾਬਲੇ ਗਰਮੀਆਂ ਵਿੱਚ ਠੰਡਾ ਅਤੇ ਸਰਦੀਆਂ ਵਿੱਚ ਗਰਮ ਰੱਖਣ ਵਿੱਚ ਮਦਦ ਕਰਦੇ ਹਨ। ਇਸ ਨਾਲ ਊਰਜਾ ਦੀ ਬੱਚਤ ਹੁੰਦੀ ਹੈ।

4. ਆਧੁਨਿਕ ਤਕਨਾਲੋਜੀ:

ਮਸ਼ੀਨੀ ਘੜੀ ਹੋਈ ਲੱਕੜ (Engineered Wood): ਗਲੂ-ਲੈਮ (Glulam) ਅਤੇ ਕ੍ਰਾਸ-ਲੈਮੀਨੇਟਡ ਟਿੰਬਰ (CLT) ਵਰਗੀਆਂ ਉਨ੍ਹਾਂਤ ਤਕਨੀਕਾਂ ਨੇ ਲੱਕੜ ਦੀ ਮਜਬੂਤੀ ਅਤੇ ਸਥਿਰਤਾ ਵਿੱਚ ਕ੍ਰਾਂਤੀ ਲਾ ਦਿੱਤੀ ਹੈ। CLT ਬਹੁਤ ਮਜਬੂਤ, ਅੱਗ ਦੇ ਪ੍ਰਤੀਰੋਧਕ ਅਤੇ ਪ੍ਰੀ-ਫੈਬਰੀਕੇਟਡ ਪੈਨਲਾਂ ਵਜੋਂ ਉਪਲਬਧ ਹੈ, ਜਿਸ ਨਾਲ ਉੱਚੀਆਂ ਇਮਾਰਤਾਂ (6-18 ਮੰਜਿਲਾਂ ਜਾਂ ਇਸ ਤੋਂ ਵੀ ਜ਼ਿਆਦਾ) ਦਾ ਤੇਜ਼ੀ ਨਾਲ ਨਿਰਮਾਣ ਸੰਭਵ ਹੋਇਆ ਹੈ।

• ਤੇਜ਼ ਨਿਰਮਾਣ: ਲੱਕੜ ਦੇ ਪੁਰਜ਼ਿਆਂ (components) ਨੂੰ ਫੈਕਟਰੀ ਵਿੱਚ ਸ਼ੁੱਧਤਾ ਨਾਲ ਕੱਟਿਆ ਅਤੇ ਤਿਆਰ ਕੀਤਾ ਜਾ ਸਕਦਾ ਹੈ ਅਤੇ ਫਿਰ ਸਾਈਟ 'ਤੇ ਲਿਜਾ ਕੇ ਤੁਰੰਤ ਜੋੜਿਆ ਜਾ ਸਕਦਾ ਹੈ, ਜਿਸ ਨਾਲ ਨਿਰਮਾਣ ਦਾ ਸਮਾਂ ਬਹੁਤ ਕਮ ਹੋ ਜਾਂਦਾ ਹੈ।

5. ਵਾਤਾਵਰਣਕ ਲਾਭ:

• ਟਿਕਾਊ ਸਰੋਤ: ਕਨੇਡਾ ਵਿੱਚ ਜੰਗਲ ਪ੍ਰਬੰਧਨ ਦੇ ਸਖ਼ਤ ਨਿਯਮ ਹਨ। ਹਰ ਕੱਟੀ ਗਈ ਲੱਕੜ ਦੀ ਥਾਂ 'ਤੇ ਨਵੇਂ ਰੁੱਖ ਲਗਾਏ ਜਾਂਦੇ ਹਨ, ਜਿਸ ਨਾਲ ਲੱਕੜ ਇੱਕ ਨਵੀਕਰਣਯੋਗ (renewable) ਸਰੋਤ ਬਣ ਜਾਂਦੀ ਹੈ।

ਕਾਰਬਨ ਫੁਟਪ੍ਰਿੰਟ: ਲੱਕੜ ਕਾਰਬਨ-ਸੀਕੈਸਟਰਿੰਗ (carbon sequestering) ਦਾ ਕੰਮ ਕਰਦੀ ਹੈ। ਰੁੱਖ ਵਧਣ ਸਮੇਂ ਵਾਤਾਵਰਣ ਤੋਂ ਕਾਰਬਨ ਡਾਈਆਕਸਾਈਡ ਸੋਖ਼ਦੇ ਹਨ ਅਤੇ ਉਸ ਕਾਰਬਨ ਨੂੰ ਲੱਕੜ ਵਿੱਚ ਸੰਘਰਿਤ ਕਰਦੇ ਹਨ। ਇਸ ਤਰ੍ਹਾਂ, ਲੱਕੜ ਦੀਆਂ ਇਮਾਰਤਾਂ ਵਾਤਾਵਰਣ ਵਿੱਚ ਕਾਰਬਨ ਦੀ ਮਾਤਰਾ ਕਮ ਕਰਨ ਵਿੱਚ ਮਦਦ ਕਰਦੀਆਂ ਹਨ, ਜਦਕਿ ਸਟੀਲ ਅਤੇ ਕੰਕਰੀਟ ਦੇ ਨਿਰਮਾਣ ਵਿੱਚ ਬਹੁਤ ਜ਼ਿਆਦਾ ਕਾਰਬਨ ਡਾਈਆਕਸਾਈਡ ਨਿਕਲਦੀ ਹੈ

ਸੁਰੱਖਿਆ ਬਾਰੇ ਵਿਸਤ੍ਰਿਤ ਜਾਣਕਾਰੀ

ਹਾਂ, ਲੱਕੜ ਦੀਆਂ ਇਮਾਰਤਾਂ ਪੂਰੀ ਤਰ੍ਹਾਂ ਸੁਰੱਖਿਅਤ ਹਨ। ਇਹ ਧਾਰਣਾ ਕਿ ਲੱਕੜ ਦੀਆਂ ਇਮਾਰਤਾਂ ਅੱਗ ਜਾਂ ਭੂਚਾਲ ਲਈ ਖਤਰਨਾਕ ਹਨ, ਗਲਤ ਹੈ। ਕਨੇਡਾ ਦੇ ਸਖ਼ਤ ਬਿਲਡਿੰਗ ਕੋਡ (National Building Code of Canada) ਇਮਾਰਤਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਂਦੇ ਹਨ।

1. ਅੱਗ ਦੀ ਸੁਰੱਖਿਆ:

• ਅੱਗ ਦੇ ਪ੍ਰਤੀਰੋਧ ਦਾ ਸਿਧਾਂਤ: ਲੱਕੜ ਦੀਆਂ ਮੋਟੀਆਂ ਬੀਮਾਂ ਬਾਹਰੋਂ ਜਲਣ ਸ਼ੁਰੂ ਤਾਂ ਕਰਦੀਆਂ ਹਨ, ਪਰ ਅੰਦਰੂਨੀ ਹਿੱਸਾ ਇੱਕ ਚਾਰਕੋਲ (char) ਪਰਤ ਬਣਾ ਲੈਂਦਾ ਹੈ ਜੋ ਉਸਨੂੰ ਹੋਰ ਜਲਣ ਤੋਂ ਰੋਕਦਾ ਹੈ। ਇਸ ਲਈ, ਇਹ ਢਾਂਚਾਗਤ ਤਾਕਤ ਬਰਕਰਾਰ ਰੱਖਦੀਆਂ ਹਨ। ਇਸਨੂੰ "ਚਾਰਿੰਗ ਇਫੈਕਟ" ਕਹਿੰਦੇ ਹਨ।

• ਫਾਇਰ-ਰੇਟਿਡ ਡ੍ਰਾਈਵਾਲ (Fire-Resistant Gypsum Board): ਸਾਰੀਆਂ ਲੱਕੜ ਦੀਆਂ ਦੀਵਾਰਾਂ ਅਤੇ ਛੱਤਾਂ ਨੂੰ ਮੋਟੇ ਫਾਇਰ-ਰੇਟਿਡ ਡ੍ਰਾਈਵਾਲ (ਜਿਪਸਮ ਬੋਰਡ) ਨਾਲ ਢੱਕ ਦਿੱਤਾ ਜਾਂਦਾ ਹੈ। ਇਹ ਪਲਾਸਟਰ ਬੋਰਡ ਅੱਗ ਨੂੰ ਘੱਟੋ-ਘੱਟ 45 ਮਿੰਟ (ਅਤੇ ਉੱਚੀਆਂ ਇਮਾਰਤਾਂ ਵਿੱਚ 2 ਘੰਟੇ ਜਾਂ ਵੱਧ) ਤੱਕ ਲੱਕੜ ਤੱਕ ਪਹੁੰਚਣ ਤੋਂ ਰੋਕਦਾ ਹੈ, ਜੋ ਬਹੁਤ ਮਹੱਤਵਪੂਰਨ ਸਮਾਂ ਹੈ।

• ਸਪ੍ਰਿੰਕਲਰ ਸਿਸਟਮ: ਕਨੇਡਾ ਦੇ ਬਿਲਡਿੰਗ ਕੋਡ ਅਨੁਸਾਰ, ਸਾਰੇ ਨਵੇਂ ਰਹਿਣ ਵਾਲੇ ਘਰਾਂ ਅਤੇ ਬਹੁ-ਮੰਜਲਾ ਅਪਾਰਟਮੈਂਟਾਂ ਵਿੱਚ ਆਟੋਮੈਟਿਕ ਫਾਇਰ ਸਪ੍ਰਿੰਕਲਰ ਸਿਸਟਮ ਲਗਾਉਣਾ ਜਰੂਰੀ ਹੈ। ਇਹ ਅੱਗ ਨੂੰ ਛੇਤੀ ਨਾਲ ਕਾਬੂ ਕਰਨ ਅਤੇ ਜਾਨ-ਮਾਲ ਦੇ ਨੁਕਸਾਨ ਨੂੰ ਰੋਕਣ ਲਈ ਸਭ ਤੋਂ ਮਹੱਤਵਪੂਰਨ ਸੁਰੱਖਿਆ ਉਪਾਅ ਹੈ।

• ਸਮਾਰਟ ਡਿਟੈਕਸ਼ਨ: ਧੂਏਂ ਅਤੇ ਅੱਗ ਦੇ ਅਲਾਰਮ ਲਗਾਉਣਾ ਵੀ ਜਰੂਰੀ ਹੈ।

2. ਢਾਂਚਾਗਤ ਸੁਰੱਖਿਆ ਅਤੇ ਟਕਾਊਤਾ: ਲੱਕੜ ਦੇ ਢਾਂਚੇ ਸਹੀ ਢੰਗ ਨਾਲ ਡਿਜ਼ਾਈਨ ਅਤੇ ਬਣਾਏ ਜਾਣ ਤੇ ਸੈਂਕੜੇ ਸਾਲਾਂ ਤਕ ਟਿਕ ਸਕਦੇ ਹਨ। ਨਮੀ ਅਤੇ ਦੀਮਕਾਂ ਤੋਂ ਬਚਾਅ ਲਈ ਉਚਿਤ ਇਲਾਜ ਅਤੇ ਨਿਰਮਾਣ ਤਕਨੀਕਾਂ ਦੀ ਵਰਤੋਂ ਕੀਤੀ ਜਾਂਦੀ ਹੈ।

ਨਿਸ਼ਕਰਸ਼: ਕਨੇਡਾ ਵਿੱਚ ਲੱਕੜ ਦੇ ਮਕਾਨ ਅਤੇ ਅਪਾਰਟਮੈਂਟ ਬਣਾਉਣਾ ਇੱਕ ਸਮਝਦਾਰ, ਆਰਥਿਕ, ਟਿਕਾਊ ਅਤੇ ਪੂਰੀ ਤਰ੍ਹਾਂ ਸੁਰੱਖਿਅਤ ਵਿਕਲਪ ਹੈ। ਆਧੁਨਿਕ ਤਕਨਾਲੋਜੀ, ਸਖ਼ਤ ਬਿਲਡਿੰਗ ਕੋਡ, ਅਤੇ ਲੱਗਭਗ ਹਰ ਇਮਾਰਤ ਵਿੱਚ ਲਗਾਏ ਗਏ ਅੱਟੋਮੈਟਿਕ ਸਪ੍ਰਿੰਕਲਰ ਸਿਸਟਮਾਂ ਨੇ ਲੱਕੜ ਨੂੰ ਨਾ ਸਿਰਫ਼ ਘਰਾਂ ਬਲਕਿ ਉੱਚੀਆਂ ਇਮਾਰਤਾਂ ਲਈ ਵੀ ਇੱਕ ਵਿਸ਼ਵਸਨੀਯ ਅਤੇ ਸੁਰੱਖਿਅਤ ਨਿਰਮਾਣ ਸਮੱਗਰੀ ਬਣਾ ਦਿੱਤਾ ਹੈ।

ਟਹਿਲ ਸਿੰਘ ਬੁੱਟਰ




# ਲਿ.ਫਾ.ਫੇਬਾਜ਼ੀ ਨੇ ਸਾਨੂੰ ਖੋਖਲ਼ਾ ਕਰ ਧਰਿਆ ਹੈ

ਜ਼ਿੰਦਗੀ ਕਾ ਸਫਰ ਭੀ ਅਜੀਬ ਹੈ
ਬਿਨਾ ਕੁਛ ਲੀਏ ਆਤੇ ਹੈਂ,
ਹਰ ਚੀਜ਼ ਕੇ ਲੀਏ ਲੜਤੇ ਹੈਂ,
ਔਰ ਅੰਤ ਮੇਂ ਸਬ ਕੁਛ
ਛੋੜ ਕਰ ਚਲੇ ਜਾਤੇ ਹੈਂ। (ਗੁਲਜ਼ਾਰ)

ਕੈਲਗਰੀ ਦੇ ਸਤਿਕਾਰਿਤ ਪੱਤਰਕਾਰ ਚੰਦ ਸਿੰਘ ਸੰਦਿਓੜਾ ਜੀ ਨੇ ਇੱਕ ਵਧੀਆ ਸਵਾਲ ਮੇਰੇ ਤੱਕ ਅਪੜਾਇਆ ਹੈ ਕਿ ਅਸੀਂ ਸਰਵ-ਸੰਪੰਨ ਪ੍ਰਾਪਤੀਆਂ ਕਰਨ ਮਗਰੋਂ ਵੀ ਕਿਉਂ ਭਟਕਣ ਵਿੱਚ ਹੀ ਰਹਿ ਰਹੇ ਹਾਂ ? ਮੈਂ ਆਪਣੀ ਤੁੱਛ ਬੁੱਧੀ ਅਨੁਸਾਰ ਉੱਤਰ ਸਮੇਟਣ ਦੇ ਯਤਨ ਤੇ ਹਾਂ ਕਿ ਅਸੀਂ ਸਰਵ-ਸੰਪੰਨ ਤੋਂ ਭਾਵ ਭਰੇ-ਭਕੁੰਨੇ ਘਰਾਂ ਤੋਂ ਜਾਣਦੇ ਵਸਤਾਂ, ਕੱਪੜਿਆਂ ਜਾਂ ਗਹਿਣਿਆਂ ਨਾਲ਼ ਘਰਾਂ ਨੂੰ ਤੁੰਨ ਰਹੇ ਹਾਂ। ਮੇਰੀ ਜਾਚੇ ਜਿੰਨੇ ਘਰ ਭਰਦੇ ਹਾਂ, ਉਨਾਂ ਹੀ ਸੱਖਣ ਸਾਡੇ ਅੰਦਰ ਪਸਰਦਾ ਹੈ। ਇਹ ਵਸਤਾਂ ਜੋ ਸਾਨੂੰ ਭਰਮਾ, ਉਕਸਾ ਅਤੇ ਭਜਾ ਰਹੀਆਂ ਹਨ, ਜੋ ਅਸੀਂ ਖਰੀਦ ਵੱਧ ਤੇ ਵਰਤ ਘੱਟ ਰਹੇ ਹਾਂ, ਇਹ ਓਨੀ ਦੇਰ ਹੀ ਲੁਭਾਉਣੀਆਂ ਹਨ, ਜਦੋਂ ਤੱਕ ਸਾਡੇ ਕਬਜ਼ੇ ਹੇਠ ਨਹੀਂ ਆ ਜਾਂਦੀਆਂ। ਉਸ ਪਿੱਛੋਂ ਛਿਣਭੰਗਰੀ ਖ਼ੁਸ਼ੀ ਵਾਂਗ ਜਾਂ ਅੱਕ-ਕੁਕੜੀ ਦੇ ਫੰਭੇ ਵਾਂਗ ਉੱਡ ਜਾਂਦੀਆਂ ਹਨ। ਇਉਂ ਥੋੜ੍ਹ-ਚਿਰੀਆਂ ਪ੍ਰਾਪਤੀਆਂ ਹੀ ਸਾਡੀ ਭਟਕਣ ਬਣਦੀਆਂ ਹਨ। ਸ਼ਾਇਦ ਇਨ੍ਹਾਂ ਲਈ ਲੱਗੀ ਦੌੜ ਕਾਰਣ ਸਭ ਨੂੰ ਲੱਗੀ ਹੌਂਕਣੀ ਹੀ ਸਾਡੀ ਭਟਕਣ ਹੈ। ਜੋ ਅਨੰਦ, ਸਕੂਨ, ਤਸੱਲੀ, ਰੂਹਾਂ ਦਾ ਰੱਜ ਜਾਂ ਕਾਲ਼ਜਾ ਠਾਰਨ ਜਿਹੀ ਲਾਲਸਾ ਅਸੀਂ ਵਿਹਾਜ ਹੀ ਨਹੀਂ ਰਹੇ। ਸਬਰ, ਸੰਤੋਖ ਮਨਫ਼ੀ ਹੈ ਜਿੱਥੇ No More ਹੋਵੇ। ਸਾਡੇ ਸਭ ਤੋਂ ਤਸੱਲੀ ਭਰੇ ਪਲ ਉਹ ਹੀ ਰਹੇ ਹਨ ਜਿਸ ਕਾਰਜ ਪਿੱਛੇ ਕੋਈ ਨਿੱਜੀ ਸਵਾਰਥ ਨਹੀਂ ਸੀ। ਕਈ ਵਾਰੀ ਇਹੀ ਭਟਕਣ ਕਿਸੇ ਹੋਰ ਦੀ ਹੋਈ ਪ੍ਰਾਪਤੀ ਕਰ ਕੇ ਜਾਂ ਈਰਖਾ ਕਰ ਕੇ ਵੀ ਭਾਂਬੜ ਬਣ ਜਾਂਦੀ ਹੈ। ਅਸੀਂ ਸਭ ਨਾ-ਸ਼ੁਕਰੇ ਹਾਂ। ਜੋ ਪ੍ਰਾਪਤ ਹੈ, ਉਸ ਨੂੰ ਭੁਲਾ ਕੇ ਅਪ੍ਰਾਪਤੀ ਲਈ ਝੂਰਦੇ ਹਾਂ। ਉਲਾਰ, ਡਲ੍ਹਦੀਆਂ ਲਾਲਸਾਵਾਂ ਰੂਹ ਦਾ ਰੱਜ ਨਹੀਂ ਸਗੋਂ ਹੋਰ ਭਟਕਣ ਨੂੰ ਜਨਮਦੀਆਂ ਦੁਬਿਧਾ ਨੂੰ ਹਾਕ ਮਾਰਦੀਆਂ ਹਨ। ਅਸੀਂ ਆਪਣੇ ਹਵਾਈ ਸੁਪਨੇ ਅਤੇ ਵਿੱਤੀ ਸਮਰੱਥਾ ਨਾਲ਼ ਜ਼ਰਬਦੇ, ਤਕਸੀਮਦੇ ਝੂਰਨ ਲਗਦੇ ਹਾਂ, ਫੇਰ ਖਿਝਦੇ ਹਾਂ,ਹੋਰਨਾਂ ਦੇ ਗਲ਼ ਪੈਣ ਦੀ ਕਰਦੇ ਹਾਂ। ਇੱਕ ਹੋਰ ਕਾਰਣ ਇਨ੍ਹਾਂ ਮੁਲਕਾਂ ਵਿੱਚ ਜ਼ਰੂਰਤ ਤੋਂ ਵੱਧ ਨਿੱਜ ਨੂੰ ਪਾਲਣ ਦੀ ਬਿਰਤੀ ਹੈ। ਇਸ ਨਾਲ਼ ਬਾਕੀ ਸਭ ਨੂੰ ਬੱਸ ਲਗਾਂ ਮਾਤਰਾਂ ਹੀ ਸਮਝਣ ਦੀ ਆਦਤ ਪਲ਼ਦੀ ਹੈ। ਇੱਕ ਕਾਰਣ ਸਿੱਖਿਆ ਵਿੱਚੋਂ ਨੈਤਿਕਤਾ ਦੀ ਅਣਹੋਂਦ ਹੈ। ਹੋਰਨਾਂ ਨਾਲੋਂ ਤੰਦਾਂ ਤੋੜਕੇ ਵੱਡਾ ਹੋਣ ਦੀ ਹੋੜ ਨੇ ਮੈਂ ਕੀ ਲੈਣੈ ਜਿਹੇ ਸਵਾਲ ਬੀਜ ਧਰੇ ਹਨ। ਇਸ ਨਾਲ਼ ਅਸੀਂ ਨਿਰਮੋਹ, ਜ਼ਜ਼ਬਾਤਾਂ ਤੋਂ ਸੱਖਣੇ, ਪਿਆਰ ਤੋਂ ਕੋਰੇ, ਲੋਕਾਂ ਤੋਂ ਦੂਰ, ਆਪਣਿਆਂ ਦੇ ਮੋਹ ਤੋਂ ਵਿਛੁੰਨੇ, ਉਦਾਸ, ਨਿਰਾਸ਼ ਹਤਾਸ਼ ਹੋਏ ਭੀੜੀ ਸੋਚ ਦੀ ਬੀਹੀ ਜਾ ਪਏ ਹਾਂ। ਸਾਡੀ ਪੀੜ੍ਹੀ ਦੇਹੀ ਸ਼ਕਤੀਹੀਣ ਕਰ ਕੇ ਹੁਣ ਝੂਰਦੀ ਹੈ ਕਿ ਕਿੰਨਾ ਵਧੀਆ ਵੇਲ਼ਾ ਸੀ ਜਦ ਘੜੀ ਕਿਸੇ ਕਿਸੇ ਕੋਲ਼ ਸੀ ਪਰ ਵਕਤ ਸਭ ਕੋਲ਼ ਸੀ। ਜ਼ਮਾਨੇ ਦੀ ਬੇ-ਰੁਖੀ, ਬੇ-ਵਫ਼ਾਈ ਅਤੇ ਬੇ-ਸਬਰੀ ਨੇ ਸਾਨੂੰ ਨਿਹੱਥੇ ਜਿਹੇ ਕਰ ਦਿੱਤਾ ਹੈ। ਇੱਕ ਪੰਜਾਬੀ ਬਿਹਾਰੀਏ ਤੋਂ ਦੋਵਾਂ ਥਾਵਾਂ ਦਾ ਫ਼ਰਕ ਪੁਛਦਾ ਹੈ ਤਾਂ ਬਿਹਾਰੀ ਆਖਦਾ ਹੈ,

"ਹਮ ਅਨਪੜ੍ਹ ਥੇ, ਗਾਉਂ ਮੇਂ ਰਹਿਤੇ ਥੇ,
ਥੋੜਾ ਪੜ੍ਹ ਲਿਖ ਕੇ ਤਣਾਓ ਮੇਂ ਰਹਿਤੇ ਹੈਂ।
ਪਹਿਲੇ ਹਮ ਹਨੇਰੇ ਮੇਂ ਥੇ,
ਅਬ ਲੋਗੋਂ ਕੋ ਹਨੇਰੇ ਮੇਂ ਰਖਤੇ ਹੈਂ।"

ਬੱਸ ਇਸ ਤਰੱਕੀ ਵੱਲ ਵੇਖ ਕੇ ਇੱਕੋ ਨੁਕਤਾ ਉਭਰਦਾ ਹੈ ਕਿ ਇਸ ਲਿਫ਼ਾਫ਼ੇਬਾਜ਼ੀ ਨੇ ਸਾਨੂੰ ਖੋਖਲ਼ਾ ਕਰ ਧਰਿਆ ਹੈ। ਇਸ ਦਾ ਹੱਲ ਤਾਂ ਸਾਡਾ ਭਾਈਚਾਰਾ, ਸਾਂਝਾਂ ਤੇ ਆਪਣਾਪਣ ਦੁਬਾਰਾ ਸੱਜਰਾ ਕੀਤਾ ਜਾਵੇ, ਤਾਂ ਹੀ ਮਨਾਂ ਤੋਂ ਇਹ ਭਾਰ ਇੱਕ ਦੂਜੇ ਦੇ ਕੋਲ਼ ਢੇਰੀ ਕਰ ਕੇ ਸੁਰਖਰੂ ਹੋ ਸਕਾਂਗੇ। ਉਮਰ ਦੇ ਉਸ ਪੜਾਅ ਵੱਲ ਜਾ ਰਹੇ ਹਾਂ ਜਿੱਥੇ ਲੜਨ ਜਾਂ ਦਲੀਲ ਪਰੋਸਣ ਜੋਗੀ ਫੁਰਸਤ ਨਹੀਂ ਹੈ। ਉਮਰ ਨਹੀਂ ਹੈ, ਸ਼ਕਤੀ ਨਹੀਂ ਰਹੀ। ਹੁਣ ਤਾਂ ਬੱਸ ਬਚਪਨ ਵਾਲ਼ੀ ਜਿੱਦ ਨੂੰ ਸਮਝੌਤੇ ਵਿੱਚ ਢਾਲਣ ਦਾ ਵੇਲ਼ਾ ਹੈ।

ਕੁਛ ਇਸ ਤਰਹਿ ਸੇ ਮੈਂ ਨੇ ਜ਼ਿੰਦਗੀ ਕੋ ਆਸਾਨ ਕਰ ਲੀਆ।
ਕਿਸੀ ਸੇ ਮੁਆਫ਼ੀ ਮਾਂਗ ਲੀ, ਕਿਸੀ ਕੋ ਮੁਆਫ਼ ਕਰ ਦੀਆ।

# ਰਾਜ ਧਾਲੀਵਾਲ ਤੁਹਾਡੀ ਵੋਟ ਦਾ ਹੱਕਦਾਰ ਕਿਉਂ ਹੈ ?

## ਉਸਨੇ ਪਿਛਲੇ ਸਮੇਂ ਵਿੱਚ ਕੰਮ ਕਰਕੇ ਵਿਖਾਏ ਹਨ ਅਤੇ ਭਵਿੱਖ ਵਿੱਚ ਇਸ ਤੋਂ ਵੀ ਵਧਕੇ ਕਰੇਗਾ ਇਸ ਲਈ ਰਾਜ ਧਾਲੀਵਾਲ ਨੂੰ ਦੁਬਾਰਾ ਚੁਣੋ

Re-Elect
Raj Dhaliwal
Ward-5



ਵਾਰਡ 5 ਵਿੱਚ ਨਵੀਆਂ ਟ੍ਰੈਫਿਕ ਲਾਈਟਾਂ, ਬੱਸ ਸਟਾਪ ਸ਼ੈਲਟਰ,ਸਕਾਈਵਿਊ ਰੈਂਚ ਲਾਇਬ੍ਰੇਰੀ,ਪਾਰਕਾਂ ਵਿੱਚ ਬੈਂਚ ਅਤੇ ਗਜ਼ੀਬੋ, ਸੁਰੱਖਿਅਤ ਗਲੀਆਂ, ਮਜ਼ਬੂਤ ਆਵਾਜਾਈ, ਅੱਗ ਲੱਗਣ ਮੌਕੇ ਸੁਰੱਖਿਆ ਲਈ ਕਾਰਨਰਸਟੋਨ ਵਿੱਚ ਨਵਾਂ ਫਾਇਰ ਸਟੇਸ਼ਨ,, ਮਨੋਰੰਜਨ ਸਹੂਲਤਾਂ, ਵਾਰਡ 5 ਵਿੱਚ ਵੱਡੇ ਨਿਵੇਸ਼, ਅਤੇ ਘਰ ਦੇ ਨੇੜੇ ਨੌਕਰੀਆਂ। ਤੇਜ਼ੀ ਨਾਲ ਆਬਾਦੀ ਵਾਧੇ ਨਾਲ ਸੇਵਾਵਾਂ 'ਤੇ ਦਬਾਅ ਪੈ ਰਿਹਾ ਹੈ, ਰਾਜ ਜਾਣਦਾ ਹੈ ਕਿ ਕੰਮ ਪੂਰਾ ਨਹੀਂ ਹੋਇਆ ਹੈ, ਪਰ ਦਿਸ਼ਾ ਸਪੱਸ਼ਟ ਹੈ, ਅਤੇ ਪ੍ਰਗਤੀ ਜਾਰੀ ਹੈ। ਰਾਜ ਨੇ ਨਵੇਂ ਪੁਲਿਸ ਫੰਡਿੰਗ ਵਿੱਚ $28 ਮਿਲੀਅਨ ਲਈ ਵੋਟ ਦਿੱਤੀ। ਬੱਸ ਡਰਾਈਵਰ ਉੱਪਰ ਹਮਲੇ ਤੋਂ ਬਾਅਦ ਬੱਸ ਡਰਾਈਵਰਾਂ ਦੀ ਸੁਰੱਖਿਆ ਸ਼ੀਲਡਾਂ ਲਈ 15 ਮਿਲੀਅਨ ਉਪਲੱਬਧ ਕਰਵਾਇਆ।, ਅਤੇ ਇੱਕ ਨਵੇਂ ਉਪ-ਨਿਯਮ ਨਾਲ ਸ਼ੋਰ ਸ਼ਰਾਬੇ ਵਾਲੇ ਵਾਹਨਾਂ 'ਤੇ ਸ਼ਿਕੰਜਾ ਕੱਸਦਿਆਂ ਕੈਲਗਰੀ ਪੁਲਿਸ ਨਾਲ ਮਿਲਕੇ ਸਵਾਨਾ ਬਾਜ਼ਾਰ ਵਿੱਚ ਗੜਬੜ ਨੂੰ 90% ਤੱਕ ਘਟਾ ਦਿੱਤਾ। ਰਾਜ ਨੇ ਮੈਟਿਸ ਟ੍ਰੇਲ ਅਤੇ ਮੈਕਨਾਈਟ ਦੀ ਮੁਰੰਮਤ ਲਈ 8.36 ਮਿਲੀਅਨ ਡਾਲਰ, ਕੰਟਰੀ ਹਿਲਜ਼ ਬੁਲੇਵਾਰਡ ਨੂੰ ਚੌੜਾ ਕਰਨ ਲਈ 19 ਮਿਲੀਅਨ ਡਾਲਰ, ਅਤੇ 60 ਸਟਰੀਟ ਐਕਸਟੈਂਸ਼ਨ ਨੂੰ ਅੱਗੇ ਵਧਾਇਆ। ਹੋਮਸਟੇਡ ਲਈ ਰੂਟ 80, ਕਾਰਨਰਸਟੋਨ ਸਾਊਥ ਲਈ ਰੂਟ 136 ਲਾਂਚ ਕੀਤਾ, ਅਤੇ ਰੂਟ 128 ਅਤੇ 145 ਤੇ ਸੇਵਾ ਦਾ ਵਿਸਥਾਰ ਕੀਤਾ। 110 ਮਿਲੀਅਨ ਡਾਲਰ ਦੀ ਲਾਗਤ ਵਾਲਾ ਨੌਰਥਈਸਟ ਐਥਲੈਟਿਕ ਕੰਪਲੈਕਸ ਨਾਰਥ ਈਸਟ ਦੇ ਇਤਿਹਾਸ ਦਾ ਸਭ ਤੋਂ ਵੱਡਾ ਮਨੋਰੰਜਨ ਪ੍ਰੋਜੈਕਟ ਹੈ। ਵਾਰਡ 5 ਵਿੱਚ ਕੋਸਕੋ ਗਰੋਸਰੀ ਸਟੋਰ ਲਈ ਜ਼ਮੀਨ ਦੀ ਵਰਤੋਂ ਦੀ ਪ੍ਰਵਾਨਗੀ ਪ੍ਰਾਪਤ ਕੀਤੀ ਜਿਸ ਨਾਲ 300 ਤੋਂ ਵੱਧ ਨੌਕਰੀਆਂ ਅਤੇ ਖਰੀਦਦਾਰੀ ਸੌਖਾਲੀ ਹੋਵੇਗੀ।

**"ਐਨਾ ਕੁੱਝ ਰਾਜ ਨੇ ਤੁਹਾਡੇ ਲਈ ਕੀਤਾ ਹੈ ਤਾਂ ਫਿਰ ਹੁਣ ਤੁਹਾਨੂੰ ਆਪਣੀ ਵੋਟ ਰਾਜ ਨੂੰ ਪਾਉਂਦਿਆਂ ਮਾਣ ਹੋਣਾ ਚਾਹੀਦਾ ਹੈ, ਕਿਉਂਕਿ ਤੁਸੀ ਵੀ ਆਪਣੇ ਵਾਰਡ ਦੇ ਵਿਕਾਸ ਲਈ ਯੋਗਦਾਨ ਪਾਇਆ ਹੈ। ਹਾਲੇ ਹੋਰ ਬਹੁਤ ਕੁੱਝ ਕਰਨਾ ਬਾਕੀ ਹੈ"**

## ਆਪਣੇ ਮਨ ਨਾਲ ਬਿਨਾਂ ਕਿਸੇ ਦਬਾਅ ਦੇ, ਸੱਚੇ ਦਿਲੋਂ ਫੈਸਲਾ ਕਰਦਿਆਂ 20 ਅਕਤੂਬਰ ਨੂੰ ਆਪਣੀ ਵੋਟ ਰਾਜ ਧਾਲੀਵਾਲ ਦੇ ਹੱਕ ਵਿੱਚ ਪਾਓ

**Unit 125 4070 108th Ave NE www.voteraj.ca, Info@voteraj.ca, 587-717-9090**

Authorized by the registered agent for the Raj Dhaliwal Campaign office.







## ਇੱਥੇ ਆਕੇ ਸਾਡੇ ਸ਼ੋਅ ਹੋਮਜ ਦੇਖੋ

**Laned & Laned Duplexes**

- Broadview Homes — 533 & 537 Bridgeport St
- Truman — 549 & 553 Bridgeport St
- Trico Homes — 541 & 545 Bridgeport St
- Shane Homes — 557 & 561 Bridgeport St

**Front Garage**

- NuVista Homes — 404 Bridgeport Glen
- Sterling Homes — 408 Bridgeport Glen




LANED DUPLEXES from the mid $500s

LANED HOMES from the high $500s

FRONT GARAGE from the mid $700s

ਚੈਸਟਰਮੇਅਰ ਦੇ ਪੱਛਮੀ ਸਿਰੇ 'ਤੇ ਸਥਿਤ, ਇਹ ਭਾਈਚਾਰਾ ਸ਼ਾਂਤ ਝੀਲਾਂ ਦੇ ਨੇੜੇ ਰਹਿਣ-ਸਹਿਣ ਅਤੇ ਸਮਕਾਲੀ ਸ਼ਹਿਰੀ ਸਹੂਲਤ ਦਾ ਇੱਕ ਵਿਲੱਖਣ ਸੰਤੁਲਨ ਪੇਸ਼ ਕਰਦਾ ਹੈ। ਬ੍ਰਿਜਪੋਰਟ ਕੈਲਗਰੀ ਸ਼ਹਿਰ ਅਤੇ ਚੈਸਟਰਮੇਅਰ ਸ਼ਹਿਰ ਦੇ ਵਿਚਕਾਰ ਇੱਕ ਪ੍ਰਵੇਸ਼ ਦੁਆਰ ਵੱਜੋਂ ਭਾਈਚਾਰੇ ਦੀ ਭੂਮਿਕਾ ਦਾ ਲਾਭ ਉਠਾਉਂਦਾ ਹੈ, ਜਦੋਂ ਕਿ ਕੁਦਰਤੀ ਆਲੇ ਦੁਆਲੇ ਨਾਲ ਆਪਣੇ ਸਬੰਧਾਂ ਨੂੰ ਮਜ਼ਬੂਤ ਕਰਦਾ ਹੈ

**liveinbridgeport.com**

WE CREATE LEGACY COMMUNITIES THAT **INSPIRE PRIDE, ENRICH LIVES** AND **ENDURE IN VALUE.**

QUALICO® communities

ਆਖਰੀ ਫੇਸ, ਹਮੇਸ਼ਾ ਰਹਿਣ ਵਾਲਾ ਘਰ.

Ambleton Blvd
24 St NW
144 Ave NW

ਫੇਸ 7 ਹੁਣ ਖੁੱਲਾ ਹੈ

ਐਂਬਲਟਨ ਦੇ ਜੀਵੰਤ ਉੱਤਰੀ-ਪੱਛਮੀ ਭਾਈਚਾਰੇ ਵਿੱਚ ਇਸ ਦਿਲਚਸਪ ਨਵੇਂ ਪੜਾਅ ਦੀ ਖੋਜ ਕਰੋ! ਇਸ ਸ਼ਾਂਤਮਈ ਐਨਕਲੇਵ ਵਿੱਚ ਵਾਕਆਊਟ ਲਾਟ, **ਇੱਕ ਭਵਿੱਖੀ ਸਕੂਲ ਸਾਈਟ, ਵਿਸ਼ਾਲ ਖੇਡ ਦੇ ਮੈਦਾਨ**, ਅਤੇ ਬਾਹਰ ਦਾ ਆਨੰਦ ਲੈਣ ਲਈ ਹਰੇ ਭਰੇ ਖੇਤਰ ਹਨ। ਵਿਸ਼ਾਲ ਭਾਈਚਾਰੇ ਵਿੱਚ 3 **ਖੇਡ ਦੇ ਮੈਦਾਨ, ਇੱਕ ਸੁਰੱਖਿਅਤ ਅਤੇ ਸੁੰਦਰ ਮਾਰਗ ਪ੍ਰਣਾਲੀ,** ਅਤੇ ਪਰਿਵਾਰ ਅਤੇ ਦੋਸਤਾਂ ਨਾਲ ਇਕੱਠੇ ਹੋਣ ਲਈ ਹੋਰ ਵੀ ਹਰੀ ਜਗ੍ਹਾ ਹੈ।

ਐਂਬਲਟਨ ਦੇ ਅੰਤਿਮ ਪੜਾਅ ਵਿੱਚ ਇੱਕ ਚੰਗੀ ਤਰ੍ਹਾਂ ਸਥਾਪਿਤ ਭਾਈਚਾਰੇ ਦੀਆਂ ਸਾਰੀਆਂ ਸਹੂਲਤਾਂ ਦੇ ਵਿਚਕਾਰ ਆਪਣਾ ਸੰਪੂਰਨ ਘਰ ਲੱਭੋ!

**liveinambleton.com**

- Sterling Homes
- Jayman BUILT
- Trico Homes
- Shane Homes
- Broadview Homes

Front Garage
FROM THE MID
$700s

Laned Homes
FROM THE HIGH
$500s

Ambleton
A Qualico Community

QUALICO communities
WE CREATE LEGACY COMMUNITIES THAT **INSPIRE PRIDE, ENRICH LIVES AND ENDURE IN VALUE.**

**Bains Vision Centre**
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡ ਐਨਕਾਂ ਵੀ ਮਿਲਦੀਆਂ ਹਨ
**Dr.Jaswinder S Bains**
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1

**ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ**
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
*Manpreet Thind*
*Ph: (403) 455-1000*
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8

**Sidhu Accounting & Financial Services**
*Accounting Services*
- Personal Tax Returns
- Corporate Tax Returns
- Computerized Bookkeeping
- T4's
- Record of Employment

*Financial Services*
- RRSP
- Life Insurance
  - Term Life
  - Universal Life
- Critical Illness Insurance
- Segregated Funds

IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

**Asia Pacific Immigration Consulting Ltd.**
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ
**ਇਮੀਗ੍ਰੇਸ਼ਨ ਸੇਵਾਵਾਂ**
- ਮਾਪਿਆਂ ਲਈ ਸੁਪਰ ਵੀਜ਼ਾ
- ਪਰਿਵਾਰਕ ਸਪਾਂਸਰਸ਼ਿਪ
- ਐਲ ਐਮ ਓ ਐਪਲੀਕੇਸ਼ਨ
- ਵਰਕ ਪਰਮਿਟ
- ਰੱਦ ਕੀਤੇ ਕੇਸਾਂ ਵਾਸਤੇ ਅਪੀਲ

*Maninder S. Dhillon*
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic
Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca

**Delta-A Stucco Ltd.**
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com

**NORTHEAST AUTOMOTIVE**
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038




# ਪਾਕਿਸਤਾਨ ਅਤੇ ਭਾਰਤ ਵਿਵਾਦ 'ਬਹੁਤ ਵੱਡਾ' ਸੀ ਪਰ ਮੈਂ ਸੁਲਝਾ ਦਿੱਤਾ: ਟਰੰਪ

ਵਾਸ਼ਿੰਗਟਨ (ਪੰਜਾਬੀ ਅਖ਼ਬਾਰ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਮੁੜ ਦਾਅਵਾ ਕੀਤਾ ਕਿ ਉਨ੍ਹਾਂ ਨੇ ਪ੍ਰਮਾਣੂ ਹਥਿਆਰਾਂ ਨਾਲ ਲੈਸ ਭਾਰਤ ਅਤੇ ਪਾਕਿਸਤਾਨ ਵਿਚਕਾਰ 'ਬਹੁਤ ਵੱਡਾ' ਟਕਰਾਅ ਸੁਲਝਾ ਲਿਆ ਹੈ ਪਰ ਉਨ੍ਹਾਂ ਕਿਹਾ ਕਿ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਯੂਕਰੇਨ ਨਾਲ ਜੰਗ ਨਾ ਰੋਕ ਕੇ ਉਨ੍ਹਾਂ ਨੂੰ ਨਿਰਾਸ਼ ਕੀਤਾ ਹੈ।

ਟਰੰਪ ਨੇ ਕਿਹਾ, 'ਮੈਂ ਇੱਥੇ ਹੋਣ ਤੋਂ ਬਾਅਦ ਬਹੁਤ ਸਾਰੀਆਂ ਜੰਗਾਂ ਸੁਲਝਾ ਲਈਆਂ ਹਨ। ਅਸੀਂ ਲਗਪਗ ਨੌਂ ਮਹੀਨੇ ਤੋਂ ਇੱਥੇ ਹਾਂ ਅਤੇ ਮੈਂ ਸੱਤ ਜੰਗਾਂ ਰੋਕ ਦਿੱਤੀਆਂ ਹਨ ਅਤੇ ਅਸੀਂ ਉਨ੍ਹਾਂ ਸਾਰਿਆਂ ਵਿੱਚੋਂ ਸਭ ਤੋਂ ਵੱਡੀ ਜੰਗ ਲਗਪਗ ਸੁਲਝਾ ਲਈ ਹੈ। ਭਾਰਤ ਤੇ ਪਾਕਿਸਤਾਨ ਦੋਵੇਂ ਪ੍ਰਮਾਣੂ ਸ਼ਕਤੀਆਂ ਸਨ, ਮੈਂ ਇਸ ਨੂੰ ਸੁਲਝਾ ਲਿਆ।' ਟਰੰਪ ਨੇ ਇਹ ਟਿੱਪਣੀਆਂ ਕੁਆਂਟਿਕੋ ਵਿੱਚ ਫੌਜੀ ਆਗੂਆਂ ਨਾਲ ਮੀਟਿੰਗ ਕਰਦਿਆਂ ਕੀਤੀਆਂ।

ਗਾਜ਼ਾ ਟਕਰਾਅ ਨੂੰ ਖਤਮ ਕਰਨ ਦੀ ਆਪਣੀ ਯੋਜਨਾ ਦਾ ਹਵਾਲਾ ਦਿੰਦਿਆਂ ਟਰੰਪ ਨੇ ਕਿਹਾ, 'ਮੈਨੂੰ ਲੱਗਦਾ ਹੈ ਕਿ ਇਹ ਸੁਲਝਾ ਲਿਆ ਗਿਆ ਹੈ ਪਰ ਅਸੀਂ ਫੇਰ ਵੀ ਦੇਖਾਂਗੇ, ਹਮਾਸ ਨੂੰ ਸਹਿਮਤ ਹੋਣਾ ਪਵੇਗਾ ਅਤੇ ਜੇਕਰ ਉਹ ਨਹੀਂ ਕਰਦੇ ਤਾਂ ਉਨ੍ਹਾਂ ਨੂੰ ਬਹੁਤ ਵੱਡੀ ਸਖ਼ਤੀ ਦਾ ਸਾਹਮਣਾ ਕਰਨਾ ਪਵੇਗਾ ਪਰ ਸਾਰੇ ਅਰਬ ਤੇ ਮੁਸਲਿਮ ਮੁਲਕ ਇਸ ਲਈ ਸਹਿਮਤ ਹੋ ਗਏ ਹਨ।' ਟਰੰਪ ਨੇ 10 ਮਈ ਤੋਂ ਬਾਅਦ ਲਗਪਗ 50 ਵਾਰ ਆਪਣਾ ਦਾਅਵਾ ਦੁਹਰਾਇਆ ਹੈ ਕਿ ਉਨ੍ਹਾਂ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਨੂੰ ਸੁਲਝਾਉਣ ਵਿੱਚ ਮਦਦ ਕੀਤੀ।









# ਤਰਲੋਚਨ ਸਿੱਧੂ ਵਾਰਡ 10 ਤੋਂ ਕੌਂਸਲਰ ਦੀ ਚੋਣ ਲੜਨ ਵਾਲੇ ਇਕੱਲੇ ਹੀ ਪੰਜਾਬੀ ਹਨ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) 20 ਅਕਤੂਬਰ ਨੂੰ ਹੋਣ ਵਾਲੀਆਂ ਸਿਟੀ ਕੈਲਗਰੀ ਦੀਆਂ ਚੋਣਾਂ ਵਿੱਚ ਭਾਵੇ ਬਹੁਤ ਸਾਰੇ ਵਾਰਡਾਂ ਜਿਵੇਂ ਵਾਰਡ 5 ਅਤੇ ਵਾਰਡ 3 ਵਿੱਚ ਤਾਂ ਪੰਜਾਬੀ ਭਾਈਚਾਰੇ ਦੇ ਉਮੀਦਵਾਰਾਂ ਦਾ ਆਪਸ ਵਿੱਚ ਹੀ ਮੁਕਾਬਲਾ ਹੈ ਪਰ ਕੈਲਗਰੀ ਦਾ ਵਾਰਡ 10 ਇੱਕ ਅਜਿਹਾ ਵਾਰਡ ਹੈ ਜਿੱਥੇ ਪੰਜਾਬੀ ਮੂਲ ਦਾ ਸਿਰਫ ਇੱਕ ਹੀ ਉਮੀਦਵਾਰ ਤਰਲੋਚਨ ਸਿੰਘ ਸਿੱਧੂ ਹੈ। ਪੰਜਾਬੀ ਅਖ਼ਬਾਰ ਨਾਲ ਗੱਲਬਾਤ ਦੌਰਾਨ ਤਰਲੋਚਨ ਸਿੰਘ ਸਿੱਧੂ ਨੇ ਦੱਸਿਆ ਕਿ ਅਸੀਂ ਹਮੇਸ਼ਾ ਹੀ ਇਹ ਉਲਾਂਭੇ ਜਿਹੇ ਦਿੰਦੇ ਰਹਿੰਦੇ ਹਾਂ ਕਿ ਸਾਡੇ ਨਾਰਥ ਈਸਟ ਏਰੀਆ ਨੂੰ ਅਣਗੌਲਿਆ ਕੀਤਾ ਜਾਂਦਾ ਹੈ। ਸਾਡੀ ਗੱਲ ਸਿਟੀ ਹਾਲ ਵਿੱਚ ਪਹੁੰਚਾਉਣ ਵਾਲਾ ਕੋਈ ਨਹੀਂ। ਇਸ ਲਈ ਇਸ ਵਾਰ ਉਹਨਾਂ ਨੇ ਫੈਸਲਾ ਲਿਆ ਹੈ ਕਿ ਉਹ ਵਾਰਡ 10 ਤੋਂ ਉੱਥੋਂ ਦੇ ਵਸਨੀਕਾਂ ਦੀ ਆਵਾਜ਼ ਸਿਟੀ ਹਾਲ ਵਿੱਚ ਬੁਲੰਦ ਕਰਨਗੇ। ਵਾਰਡ 10 ਵਿੱਚ ਕੌਰਲ ਸਪਰਿੰਗ, ਮੌਂਟਰੀ ਪਾਰਕ,ਵਾਈਟਹਾਰਨ,ਰੰਡਲ, ਪਾਈਨਰਿੱਜ,ਟੈਂਪਲ,ਐਬੀਡੇਲ, ਮਾਰਲਬਰੋ,ਮਾਰਲਬਰੋ ਪਾਰਕ, ਮੇਅਲੈਂਡ ਹਾਈਟ,ਵਿਸਟਾ ਹਾਈਟ, ਏਰੀਆ ਪੈਂਦੇ ਹਨ ਜਿੱਥੇ ਪੰਜਾਬੀ ਭਾਈਚਾਰਾ ਵੱਡੀ ਗਿਣਤੀ ਵਿੱਚ ਰਹਿੰਦਾ ਹੈ। ਸਿਰਫ ਇੱਕ ਹੀ ਪੰਜਾਬੀ ਮੂਲ ਦਾ ਉਮੀਦਵਾਰ ਹੋਣ ਕਾਰਣ ਫੈਸਲਾ ਕਰਨਾ ਬਹੁਤ ਸੌਖਾਲਾ ਹੈ ਕਿ ਵੋਟ ਕਿਸ ਨੂੰ ਪਾਈਏ? ਐਡਵਾਂਸ ਪੋਲਿੰਗ ਵਿੱਚ ਤਰਲੋਚਨ ਸਿੱਧੂ ਨੂੰ ਵੋਟ ਪਾਕੇ ਉਹ ਆਪਣੀ ਆਵਾਜ਼ ਸਿਟੀ ਹਾਲ ਵਿੱਚ ਪਹੁੰਚਾ ਸਕਦੇ ਹਨ।







# ਜਵੰਦਾ ਦੀ ਸਿਹਤ 'ਚ ਸੁਧਾਰ ਨਹੀਂ; ਹਾਲਤ ਨਾਜ਼ੁਕ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ) – ਪੰਜਾਬੀ ਗਾਇਕ ਰਾਜਵੀਰ ਜਵੰਦਾ ਮੋਹਾਲੀ ਦੇ ਇੱਕ ਨਿੱਜੀ ਹਸਪਤਾਲ ਵਿੱਚ ਜ਼ੇਰੇ ਇਲਾਜ ਹਨ। ਉਨ੍ਹਾਂ ਦੀ ਹਾਲਤ ਨਾਜ਼ੁਕ ਦੱਸੀ ਗਈ ਹੈ ਅਤੇ ਅਜੇ ਤੱਕ ਕੋਈ ਬਦਲਾਅ ਨਜ਼ਰ ਨਹੀਂ ਆਇਆ।ਹਸਪਤਾਲ ਅਧਿਕਾਰੀਆਂ ਵੱਲੋਂ ਜਾਰੀ ਬਿਆਨ ਦੇ ਅਨੁਸਾਰ, ਜਵੰਦਾ ਦੀ ਨਿਊਰੋਲੋਜੀਕਲ ਸਥਿਤੀ ਗੰਭੀਰ ਰੂਪ ਵਿੱਚ ਕਮਜ਼ੋਰ ਹੈ, ਦਿਮਾਗੀ ਗਤੀਵਿਧੀ ਬਹੁਤ ਘੱਟ ਦਿਖਾਈ ਦੇ ਰਹੀ ਹੈ ਅਤੇ ਸਖ਼ਤ ਡਾਕਟਰੀ ਦੇਖਭਾਲ ਦੇ ਬਾਵਜੂਦ ਕੋਈ ਖ਼ਾਸ ਸੁਧਾਰ ਨਹੀਂ ਹੋ ਰਿਹਾ।ਐਮਆਰਆਈ MRI) ਤੋਂ ਹਾਈਪੋਕਸਿਕ ਦਾ ਪਤਾ ਲੱਗਿਆ, ਜੋ ਡਾਕਟਰਾਂ ਦਾ ਮੰਨਣਾ ਹੈ ਕਿ ਇਹ ਸ਼ੁਰੂਆਤੀ ਇਲਾਜ ਕੇਂਦਰ ਵਿੱਚ ਦਿੱਤੇ ਗਏ ਸੀਪੀਆਰ (CPR) ਦਾ ਨਤੀਜਾ ਹੈ।ਰੀੜ੍ਹ ਦੀ ਹੱਡੀ ਦੇ ਐਮਆਰਆਈ ਸਕੈਨਾਂ ਵਿੱਚ ਸਰਵਾਈਕਲ ਅਤੇ ਡੋਰਸਲ ਦੋਵਾਂ ਖੇਤਰਾਂ ਵਿੱਚ ਸੱਟਾਂ ਦਿਖਾਈਆਂ ਗਈਆਂ ਹਨ, ਜਿਸ ਕਾਰਨ ਚਾਰਾਂ ਅੰਗਾਂ ਵਿੱਚ ਕਾਫ਼ੀ ਕਮਜ਼ੋਰੀ ਆਈ ਹੈ। ਉਸ ਨੂੰ ਲੰਬੇ ਸਮੇਂ ਤੱਕ ਵੈਂਟੀਲੇਟਰ ਸਹਾਇਤਾ ਦੀ ਲੋੜ ਹੈ ਅਤੇ ਇਲਾਜ ਜਾਰੀ ਹੈ।


# ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਨੇ ਹੜ੍ਹ ਪੀੜਤਾਂ ਲਈ 2000 ਡਾਲਰ ਦੀ ਮੱਦਦ ਭੇਜੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮੀਟਿਗ ਸ਼ਬਦ ਗਾਇਨ ਦੀ ਰਸਮ ਨਾਲ ਸ਼ੁਰੂ ਹੋਈ। ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਪੰਜਾਬ ਵਿਚ ਹੜ੍ਹਾਂ ਨਾਲ਼ ਹੋਈ ਤਬਾਹੀ ਦਾ ਜ਼ਿਕਰ ਕੀਤਾ। ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਹੜ੍ਹ-ਪੀੜਤਾਂ ਦੀ ਇਮਦਾਦ ਲਈ ਐਸੋਸੀਏਸ਼ਨ ਵੱਲੋਂ ਭੇਜੀ 2000 ਡਾਲਰ ਦੀ ਰਾਸ਼ੀ ਬਾਰੇ ਜਾਣਕਾਰੀ ਦਿੱਤੀ। ਗਿਆਰਾਂ ਅਕਤੂਬਰ ਨੂੰ ਕਰਵਾਏ ਜਾ ਰਹੇ ਬਹੁ-ਕੌਮੀ ਸੱਭਿਆਚਾਰੀ ਪ੍ਰੋਗਰਾਮ ਦੀ ਰੂਪਰੇਖਾ ਸਾਹਮਣੇ ਰੱਖੀ। ਐਸੋਸੀਏਸ਼ਨ ਦੀ ਕਾਰਜਕਾਰਨੀ ਦੀ ਚੋਣ ਲਈ ਤੈਅਸ਼ੁਦਾ ਬਿ?ਰਾ ਦਿੱਤਾ।



ਉਨ੍ਹਾਂ ਨੇ ਹੜ੍ਹਾਂ ਨਾਲ਼ ਪ੍ਰਭਾਵਿਤ ਇਲਾਕਿਆਂ ਦੇ ਗ਼ਰੀਬਾਂ, ਮਜ਼ਦੂਰਾਂ, ਦਿਹਾੜੀਦਾਰਾਂ ਅਤੇ ਕਾਮਿਆਂ ਨੂੰ ਵੀ ਬਣਦੀ ਰਾਹਤ ਪੁਚਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਚੁਟਕਲੇ ਵੀ ਸੁਣਾਏ, ਮਗਰੋਂ ਜੋਗਾ ਸਿੰਘ ਲੈਹਲ ਨੇ ਹਸਾਉਣ ਦਾ ਕੰਮ ਸਿਰੇ ਲਾਇਆ ਅਤੇ ਇੱਕ ਸਿੱਖਿਆਦਾਇਕ ਕਹਾਣੀ ਵੀ ਸੁਣਾਈ।ਉੱਘੇ ਰੰਗਕਰਮੀ ਵਿਜੇ ਸਚਦੇਵਾ ਨੇ ਲੋਕਾਂ ਦੇ ਮਸਲਿਆਂ ਅਤੇ ਮੁੱਦਿਆਂ ਦੀ ਗੱਲ ਕਰਦੇ ਨਾਟਕਾਂ ਦੀ ਗੱਲ ਕੀਤੀ। ਇਪਟਾ ਲਹਿਰ ਦੀ ਰੰਗਕਰਮੀ ਡਾ: ਰਾਜਵੰਤ ਕੌਰ ਮਾਨ ਨੇ ਡਾ: ਸਾਹਿਬ ਸਿੰਘ ਦੇ ਨਾਟਕਾਂ ਦੀ ਗੱਲ ਕਰ ਕੇ ਉਸ ਨਾਲ ਚਿਰਾਂ ਦੀ ਸਾਂਝ ਦਾ ਹਵਾਲਾ ਦਿੱਤਾ। ਸੁਰਜੀਤ ਕੌਰ ਕੰਮੋਹ ਦਾ ਗਾਇਆ ਗੀਤ - ਛੇਤੀ ਡੋਲੀ ਤੋਰ ਬਾਬਲਾ, ਚਰਨਜੀਤ ਕੌਰ ਬਾਜਵਾ ਦੁਆਰਾ ਗਾਇਆ ਗੀਤ - ਟੁੱਟੇ ਦਿਲ ਨਹੀਂ ਜੁੜਦੇ ਵੇਖੀਂ ਤੋੜੀਂ ਨਾ ਅਤੇ ਮੁਨੱਵਰ ਅਹਿਮਦ ਦੁਆਰਾ ਪੇਸ਼ ਕੀਤਾ ਫਿਲਮੀ ਗੀਤ - ਤੁਮਹੀਂ ਮੇਰੇ ਮੰਦਿਰ ਤੁਮਹੀਂ ਮੇਰੀ ਪੂਜਾ ਤੁਮਹੀਂ ਦੇਵਤਾ ਹੋ - ਪੂਰਾ ਸੰਗੀਤਕ ਮਾਹੌਲ ਸਿਰਜ ਗਏ। ਗੁਰਜੀਤ ਬਾਵੇਜਾ,ਦਿਲਾਵਰ ਸਮਰਾ, ਸੁਰਿੰਦਰਜੀਤ ਪਲਾਹਾ,ਕਰਮ ਸਿੰਘ ਮੁੰਡੀ,ਹੈਰੀ ਸੇਖੋਂ,ਸੁਖਦੇਵ ਸਿੰਘ ਬੈਂਸ,ਅਤੇ ਗੁਰਦਿਆਲ ਸਿੰਘ ਖਹਿਰਾ ਨੇ ਸਮੇਂ ਦੀ ਯੋਗ ਵਰਤੋਂ ਕਰਦਿਆਂ ਆਪੋ ਆਪਣੇ ਵਿਚਾਰ ਰੱਖੇ । ਅੰਤ ਵਿੱਚ ਸੁਰਿੰਦਰਜੀਤ ਪਲਾਹਾ ਨੇ ਭਾਰੀ ਗਿਣਤੀ ਵਿੱਚ ਹਾਜ਼ਰ ਮੈਂਬਰਾਂ ਦਾ ਧੰਨਵਾਦ ਕੀਤਾ।















# ਪੱਤਝੜ ਵਿੱਚ ਬੱਚਤਾਂ

SOUTH POINT
A MASTER PLANNED COMMUNITY

## ਆਪਣੇ ਨਵੇਂ ਘਰ ਉੱਪਰ $20,000 ਤੱਕ ਦੀ ਬੱਚਤ ਕਰੋ !



1,958 - 2,499 SF
835-938 SF ਅਣ-ਫਿਨਿਸ਼ਡ ਬੇਸਮੈਂਟ

3 ਬੈਡਰੂਮ+ਬੋਨਸ ਰੂਮ+ ਆਫਿਸ/ ਫਲੈਕਸ ਸਪੇਸ

2 ਜਾਂ 3 ਬਾਥਰੂਮ

ਸਾਊਥਵੈਸਟ ਏਅਰਡਰੀ ਵਿੱਚ ਇੱਕ ਸ਼ਾਨਦਾਰ, ਮਾਸਟਰ-ਪਲਾਨਡ ਕਮਿਊਨਿਟੀ ਵਿਖੇ ਇਸ ਪੱਤਝੜ ਵਿੱਚ ਸਾਊਥ ਪੁਆਇੰਟ ਵਿੱਚ ਮਾਡਰਨ ਡਬਲ ਫਰੰਟ ਗੈਰੇਜ ਹੋਮਜ਼ ਦੇ ਨਾਲ ਆਪਣੀ ਸੁਪਨਿਆਂ ਦੀ ਜੀਵਨ ਸ਼ੈਲੀ ਵਿੱਚ ਕਦਮ ਰੱਖੋ

**Home Features Include:**

- ਕੁਆਰਟਜ਼ ਕਾਊਂਟਰਟੌਪਸ ਅਤੇ ਵਾਕ-ਇਨ ਪੈਂਟਰੀਆਂ ਵਾਲੀਆਂ ਗੋਰਮੇਟ ਰਸੋਈਆਂ
- 9' ਛੱਤ, ਲਗਜ਼ਰੀ ਵਿਨਾਇਲ ਪਲੈਂਕ ਫਲੋਰਿੰਗ, ਅਤੇ ਸਪਾ-ਪ੍ਰੇਰਿਤ ਬਾਥਰੂਮ
- ਫਰੰਟ ਡਬਲ ਗੈਰਾਜ ਅਤੇ ਜੇ ਚਾਹੋ ਤਾਂ ਵਾਕ-ਆਊਟ ਬੇਸਮੈਂਟ




**Community Highlights:**

- 12 ਏਕੜ ਤੋਂ ਵੱਧ ਦੇ ਪਾਰਕ,ਸਪੋਰਟਸ ਕੋਰਟ,ਬਾਰਬੀਕਿਊ ਖੇਤਰ ਅਤੇ ਲੀਸ਼ ਤੋਂ ਬਿਨਾਂ ਕੁੱਤਿਆਂ ਲਈ ਪਾਰਕ
- ਨੌਰਥਕੋਟ ਪ੍ਰੇਰੀ ਐਲੀਮੈਂਟਰੀ ਸਕੂਲ ਤੱਕ ਪੈਦਲ ਜਾਓ
- QE2 ਹਾਈਵੇਅ ਅਤੇ ਸਾਊਥ ਟ੍ਰਾਂਜ਼ਿਟ ਟਰਮੀਨਲ ਤੱਕ ਆਸਾਨ ਪਹੁੰਚ

**Visit Our Sales Centre**
1305 Southpoint Parade SW, Airdrie AB T4B 5P3
403.980.1979 | southpoint@vestaproperties.com

Register to learn more
VESTASOUTHPOINT.COM

VESTA PROPERTIES

Built by Vesta – Over 7,000 homes delivered across Alberta and BC.
Renderings are an artist's conception and are intended as a general reference only.


BHINDER EXTERIORS LTD.
BHINDER EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
* ਸਾਨੂੰ ਵਰਕਰਾਂ ਦੀ ਲੋੜ ਹੈ
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com


Vermilion Hill
New Phase Now Selling
ਸਾਊਥ ਵੈਸਟ ਕੈਲਗਰੀ ਵਿੱਚ ਨਵਾਂ ਨਕੋਰ ਭਾਈਚਾਰਾ
ਵਰਮਿਲੀਅਨ ਹਿੱਲ ਦੇ ਫੇਜ਼ 4 ਵਿੱਚ ਦਿਲਚਸਪ ਘਰੇਲੂ ਵਿਕਲਪ ਹਨ ਭਵਿੱਖ ਦੇ ਸਕੂਲ ਸਾਈਟ ਦੇ ਨਾਲ ਲੱਗਦੇ ਖੇਡ ਦੇ ਮੈਦਾਨਾਂ ਵਿੱਚ ਚੁਣੇ ਹੋਏ ਲਾਟ ਹਨ। ਇਸ ਸ਼ਾਨਦਾਰ ਸਾਊਥ-ਵੈਸਟ ਭਾਈਚਾਰੇ ਵਿੱਚ ਆਪਣੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਨਵੇਂ ਸ਼ੋਅ ਹੋਮਾਂ ਵਿੱਚੋਂ ਇੱਕ 'ਤੇ ਜਾਓ ਜੋ ਕੈਲਗਰੀ ਦੇ ਸ਼ਹਿਰ ਅਤੇ ਰੌਕੀ ਪਹਾੜਾਂ ਦੇ ਸ਼ਾਨਦਾਰ ਦ੍ਰਿਸ਼ ਪੇਸ਼ ਕਰਦਾ ਹੈ।
ਟਾਊਨ ਹੋਮਜ਼ From the Mid $500s
ਲੇਨਡ ਹੋਮਜ਼ From the Low $600s
ਫਰੰਟ ਗੈਰਾਜ ਹੋਮਜ਼ From the Mid $700s
Award-Winning Builders
• NuVista Homes • Genesis Builders • Shane Homes
• Homes by Avi • Sterling Homes • Broadview Homes
ਆਪਣੀ ਲਾਟ ਚੁਣੋ!
liveinvermilionhill.com
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


New Semi-Estate Homes
ਚੌੜੀਆਂ ਲਾਟਾਂ
ਤਿੰਨ ਗੈਰਾਜ
ਵਾਕ ਆਊਟ ਵਾਲੇ ਘਰ
ਪਹਾੜਾਂ ਦਾ ਵਿਊ
ਸ਼ੋਅ ਹੋਮਜ਼ ਗ੍ਰੈਂਡ ਓਪਨਿੰਗ Oct. 25th
DAWSON'S LANDING CHESTERMERE
ਚੈਸਟਰਮੀਅਰ ਵਿੱਚ ਅਜਿਹਾ ਭਾਈਚਾਰਾ ਜਿੱਥੇ ਤੁਸੀਂ ਆਪਣਾ ਘਰ ਕਹਿਣ 'ਤੇ ਮਾਣ ਮਹਿਸੂਸ ਕਰੋਗੇ।
ਝੀਲਾਂ ਦੇ ਸ਼ਹਿਰ ਚੈਸਟਰਮੀਅਰ ਵਿੱਚ ਡਾਸਨਜ਼ ਲੈਂਡਿੰਗ, ਇੱਕ ਸਥਾਪਿਤ ਭਾਈਚਾਰਾ ਹੈ ਜੋ ਸਕੂਲਾਂ, ਪਾਰਕਾਂ, ਖਰੀਦਦਾਰੀ ਅਤੇ ਹੋਰ ਬਹੁਤ ਕੁੱਝ ਤੱਕ ਪਹੁੰਚ ਪ੍ਰਦਾਨ ਕਰਦਾ ਹੈ। ਭਾਈਚਾਰੇ ਦੇ 5 ਪਾਰਕਾਂ ਵਿੱਚੋਂ ਇੱਕ ਵਿੱਚ ਦੋਸਤਾਂ ਨਾਲ ਇਕੱਠੇ ਹੋਵੋ, ਖੇਡ ਦੇ ਮੈਦਾਨ ਵਿੱਚ ਇੱਕ ਦੁਪਹਿਰ ਬਿਤਾਓ, ਬਾਸਕਟਬਾਲ ਪੈਡ 'ਤੇ ਕੁੱਝ ਹੂਪਸ ਸ਼ੂਟ ਕਰੋ, ਜਾਂ ਸੁੰਦਰ ਮਾਰਗ ਪ੍ਰਣਾਲੀ ਦੇ ਨਾਲ ਸੈਰ ਕਰੋ। ਨੇੜਲੇ ਭਵਿੱਖ ਲਈ ਯੋਜਨਾਬੱਧ ਇੱਕ ਡੌਗ ਪਾਰਕ ਅਤੇ ਈਕੋ ਪਾਰਕ ਦੇ ਨਾਲ, ਡਾਸਨਜ਼ ਲੈਂਡਿੰਗ ਸੱਚਮੁੱਚ ਆਰਾਮ ਅਤੇ ਸਹੂਲਤ ਦਾ ਸੰਪੂਰਨ ਸੁਮੇਲ ਪੇਸ਼ ਕਰਦਾ ਹੈ।
2 future school sites
Dog Park with play structures
Eco Park (24 acres of protected wetlands)
BUNGALOWS
FRONT GARAGE DUPLEXES
FRONT GARAGE HOMES
• Broadview Homes • Sterling Homes • NuVista Homes • Truman • Trico Homes • Genesis Builders
liveindawsonslanding.ca
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


paintedskyinlangdon.com
ਨਵਾਂ ਫੇਸ ਉਹੀ ਅਸਮਾਨ
ਫੇਸ 2 ਹੁਣ ਵੇਚਿਆ ਜਾ ਰਿਹਾ ਹੈ !
ਪੇਂਟਡ ਸਕਾਈ ਵਿੱਚ ਤੁਹਾਡਾ ਸਵਾਗਤ ਹੈ, ਜੋ ਕਿ ਲੈਂਗਡਨ ਦੇ ਪ੍ਰੇਰੀ ਪਿੰਡ ਵਿੱਚ ਇੱਕ ਵਧੀਆ ਜ਼ਿੰਦਗੀ ਜਿਊਣ ਵਾਲਾ ਭਾਈਚਾਰਾ ਹੈ, ਜਿੱਥੇ ਛੋਟੇ-ਛੋਟੇ ਸ਼ਹਿਰ ਦਾ ਸੁਹਜ ਆਧੁਨਿਕ ਸਹੂਲਤਾਂ ਨੂੰ ਪੂਰਾ ਕਰਦਾ ਹੈ। ਕੈਲਗਰੀ ਤੋਂ ਸਿਰਫ 20 ਮਿੰਟ ਦੀ ਦੂਰੀ 'ਤੇ, ਪੇਂਟਡ ਸਕਾਈ ਵਿੱਚ ਪਰਿਵਾਰਾਂ ਲਈ ਪਿਆਰ ਕੀਤੇ ਗਏ ਵੱਡ ਅਕਾਰੀ ਘਰ ਹਨ। ਪੇਂਟਡ ਸਕਾਈ ਵਿੱਚ ਭਾਈਚਾਰਕ ਅਤੇ ਸਹੂਲਤ ਦੇ ਸੰਪੂਰਨ ਸੰਤੁਲਨ ਵਾਲਾ ਘਰ ਲੱਭੋ।
BUNGALOW HOMES FROM THE LOW $700s
FRONT GARAGE HOMES FROM THE MID $700s
PAINTED SKY LANGDON
First community park/playground is now open!
New amenities: IGA, Dollarama, McDonald's, & more coming soon!
Everything within walking distance of your new home!
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities